ਅਪ੍ਰੈਲ, 1980

# ਜਾਗ੍ਰਤੀ

60-ਪੈਸੇ

## ਅੰਦਰ ਪੜ੍ਹੋ...


ਕਵਿਤਾ : ਸੁਲੱਖਣ ਮੀਤ, ਮਹਿੰਦਰ ਸਿੰਘ ਮਾਨਵ, ਆਰ. ਐਸ. ਸ਼ਰਮਾ ਰਾਮਪੁਰੀ, ਦਲਜੀਤ ਬੇਦੀ, ਊਧਮ ਸਿੰਘ ਆਜ਼ਾਦ ।

ਕਹਾਣੀ : ਜਸਵੰਤ ਸਿੰਘ ਵਿਰਦੀ, ਗੁਰਬਚਨ ਨੰਦਾ ।

ਸਾਹਿਤ ਚਰਚਾ : ਸ: ਸ: ਅਮੋਲ, ਹਰਿੰਦਰ ਵਾਲੀਆ

ਲੇਖ : ਮਦਨ ਗੋਪਾਲ, ਬ੍ਰਿਜ ਮੋਹਨ ਸਿੰਘ, ਕੁਲਦੀਪ ਸਿੰਘ ਹਉਰਾ।

ਕਲਾ-ਜਗਤ : ਹਰਭਜਨ ਬਟਾਲਵੀ. ਸਰੋਜ ਪਾਂਦੇ

ਨਾਟਕ : ਗੁਰਦਿਆਲ ਸਿੰਘ ਫੱਲ, ਸਤਿੰਦਰ ਨੰਦਾ

ਵਿਅੰਗ : ਗੁਰਦੇਵ ਸਿੰਘ ਮਾਨ, ਰਾਮ ਲਾਲ ਨਾਭਵੀ, ਜੇ. ਐਲ. ਨੰਦਾ

ਖੇਡ ਜਗਤ, ਪੁਸਤਕ ਰੀਵੀਊ ਤੇ ਹੋਰ ਬਹੁਤ ਕੁਝ

ਕਹਾਣੀ

# ਪੈਰਾਟਰੂਪਰ

**—ਅਮਰਜੀਤ ਸਿੰਘ ਬਲਗੀਰ***

"ਦੇਖਣਾ ਕਿਤੇ ਪਾਕਿਸਤਾਨ ਦੀ ਇਜ਼ਤ ਨੂੰ ਲਾਜ ਨਾ ਲੱਗੇ। ਸਾਰਾ ਆਦਮਪੁਰ ਦਾ ਹਵਾਈ ਅੱਡਾ ਤੁਸੀਂ ਸਭ ਨੇ ਤਬਾਹ ਕਰਨਾ ਹੈ ਮੇਰੇ ਸ਼ੇਰੋ", ਰਹੀਮ ਹੁਸੈਨ ਦਾ ਸੀਨੀਅਰ ਅਫਸਰ ਸਾਰੇ ਪੈਰਾਟਰੂਪਰਜ਼ ਨੂੰ ਉਨ੍ਹਾਂ ਨੂੰ ਹਵਾਈ ਜਹਾਜ਼ ਚੜ੍ਹਾਉਣ ਤੋਂ ਪਹਿਲਾਂ ਵਦਾਇਗੀ ਸੁਨੇਹਾ ਦੇਣ ਵੇਲੇ ਬੋਲ ਰਿਹਾ ਸੀ। ਸਾਰਿਆਂ ਨੇ ਇਕੱਠੇ ਹੋ ਕੇ ਨਾਹਰਾ ਲਾਇਆ "ਪਾਕਿਸਤਾਨ ਜ਼ਿੰਦਾਬਾਦ" "ਪਾਕਿਸਤਾਨ ਪਾਇੰਦਾਬਾਦ" ਜਿਸ ਨਾਲ ਸਾਰਾ ਅਸਮਾਨ ਗੂੰਜ ਉਠਿਆ। ਸੀਨੀਅਰ ਅਫਸਰ ਨੇ ਆਪਣੀ ਸੱਜੀ ਬਾਂਹ ਹਵਾ ਵਿੱਚ ਹਿਲਾਉਂਦੇ ਸਭ ਨੂੰ "ਇੰਸ਼ਾ ਅੱਲਾ" ਕਿਹਾ ਅਤੇ ਦੂਸਰੀ ਡਿਊਟੀ ਲਈ ਚੱਲ ਪਿਆ। ਥੋੜੇ ਸਮੇਂ ਬਾਅਦ ਹਵਾਈ ਜਹਾਜ਼ ਗੋਲੀ ਵਾਂਗ ਆਦਮਪੁਰ ਹਵਾਈ ਅੱਡੇ ਵੱਲ ਵਧ ਰਿਹਾ ਸੀ ਤਾਂ ਕਿ ਆਪਣੇ ਮਿਥੇ ਨਿਸ਼ਾਨੇ ਤੇ ਠੀਕ ਸਮੇਂ ਤੇ ਪਹੁੰਚ ਜਾਵੇ।

ਇਹ 1965 ਦੀ ਗੱਲ ਹੈ। ਭਾਰਤ-ਪਾਕ ਜੰਗ ਛਿੜ ਜਾਣ ਕਰਕੇ ਹਰ ਪਾਸੇ ਹਾਹਾਕਾਰ ਮਚੀ ਹੋਈ ਸੀ। ਪਾਕਿਸਤਾਨੀ ਭਾਰਤੀਆਂ ਦੇ ਖੂਨ ਦੇ ਪਿਆਸੇ ਬਣ ਚੁੱਕੇ ਸਨ ਅਤੇ ਭਾਰਤੀ ਪਾਕਿਸਤਾਨੀਆਂ ਦੇ। ਦੋਵੇਂ ਦੇਸ਼ ਆਪਣੀ ਆਪਣੀ ਜਿੱਤ ਬਾਰੇ ਐਲਾਨ ਕਰ ਰਹੇ ਸਨ ਪਰ ਕਿਸੇ ਪਾਸੇ ਦੇ ਵੀ ਲੋਕਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਜਿੱਤ ਕਿਸ ਪਾਸੇ ਦੀ ਹੋ ਰਹੀ ਸੀ।

ਪੰਜਾਬ ਦੇ ਬਹੁਤ ਸਾਰੇ ਹਵਾਈ ਅੱਡਿਆਂ ਉਤੇ ਨਿਗਰਾਨੀ ਰੱਖੀ ਜਾ ਰਹੀ ਸੀ। ਕਿਤੇ ਕਿਤੇ ਪਾਕਿਸਤਾਨ ਦੇ ਪੈਰਾਟਰੂਪਰਜ਼ ਪਕੜੇ ਜਾਣ ਦੇ ਸਮਾਚਾਰ ਮਿਲ ਰਹੇ ਸਨ। ਕਦੇ ਕਦੇ ਦੁਸ਼ਮਨ ਦੇ ਜਹਾਜ਼ ਨੂੰ ਜ਼ਮੀਨ ਤੇ ਗਿਰਾਉਣ ਲਈ ਤੋਪਾਂ ਫ਼ਾਇਰ ਕਰਦੀਆਂ ਅਤੇ ਧਮਾਕਾ ਇੰਨੇ ਜ਼ੋਰ ਦਾ ਹੁੰਦਾ ਜਿਵੇਂ ਧਰਤੀ ਤੇ ਜ਼ੋਰ ਨਾਲ ਬਿਜਲੀ ਪਈ ਹੋਵੇ। ਲੋਕਾਂ ਵਿੱਚ ਲੜਾਈ ਨੂੰ ਦੇਖਣ ਦਾ ਅਨੋਖਾ ਚਾਅ ਪੈਦਾ ਹੋ ਗਿਆ ਸੀ। ਫ਼ੀਰੋਜ਼ਪੁਰ ਅਤੇ ਅੰਮ੍ਰਿਤਸਰ ਵਿੱਚ ਤਾਂ ਲੋਕ ਰਾਤ ਨੂੰ ਆਪਣੇ ਮਕਾਨਾਂ ਤੇ ਖੜੇ ਹੋ ਕੇ ਫ਼ਾਇਰ ਹੁੰਦੇ ਦੇਖਦੇ। ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜੀਬ ਤਰ੍ਹਾਂ ਦਾ ਵਾਤਾਵਰਨ ਦੇਖਣ ਨੂੰ ਮਿਲਦਾ।

ਰਹੀਮ ਹੁਸੈਨ ਦਾ ਜਨਮ ਪਿੰਡ ਕਾਲਰਾ ਜ਼ਿਲਾ ਜਲੰਧਰ ਵਿਖੇ ਹੋਇਆ ਸੀ। ਇਹ ਪਿੰਡ ਆਦਮਪੁਰ ਹਵਾਈ ਅੱਡੇ ਤੋਂ 6 ਕੁ ਮੀਲ ਦੀ ਦੂਰੀ ਤੇ ਸਥਿੱਤ ਹੈ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਇਸੇ ਪਿੰਡ ਵਿੱਚ ਹੀ ਕੀਤੀ ਸੀ। 1947 ਦੀ ਵੰਡ ਸਮੇਂ ਉਸ ਦੀ ਉਮਰ 20 ਸਾਲ ਦੀ ਸੀ। ਦੇਸ ਦੀ ਵੰਡ ਸਮੇਂ ਬਹੁਤ ਸਾਰੇ ਮੁਸਲਮਾਨਾਂ ਨੂੰ ਭਾਰਤ ਛੱਡ ਕੇ ਪਾਕਿਸਤਾਨ ਜਾਣਾ ਪਿਆ ਅਤੇ ਬਹੁਤ ਸਾਰੇ ਹਿੰਦੂਆਂ ਸਿੱਖਾਂ ਨੂੰ ਪਾਕਿਸਤਾਨ ਛੱਡ ਕੇ ਭਾਰਤ ਆਉਣਾ ਪਿਆ। ਧਰਮ ਦੇ ਨਾਂ ਤੇ ਕਤਲੇਆਮ ਬਹੁਤ ਹੋਈ ਅਤੇ ਦੋਵੇਂ ਪਾਸੇ ਕਾਫੀ ਜਾਨੀ ਨੁਕਸਾਨ ਹੋਇਆ ਸੀ। ਇਸ ਜ਼ਹਿਰ ਭਰੇ ਮਹੌਲ ਵਿੱਚ ਕੁਝ ਇਨਸਾਨ ਐਸੇ ਵੀ ਸਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਬਚਾਇਆ ਸੀ।

ਰਹੀਮ ਹੁਸੈਨ ਅੱਲਾ ਰੰਗ ਦਾ ਇਕਲੌਤਾ ਬੇਟਾ ਸੀ। ਅੱਲਾ ਰੰਗ ਅਤੇ ਸਰਦਾਰ ਅਮਰ ਸਿੰਘ ਦੀ ਦੋਸਤੀ ਬਹੁਤ ਗੂੜ੍ਹੀ ਸੀ। ਅਮਰ ਸਿੰਘ ਦੀ ਇਕੋ ਇੱਕ ਧੀ ਸੀ ਜਿਸ ਨੂੰ ਸਾਰੇ ਹਰਨਾਮੋ ਕਹਿ ਕੇ ਪੁਕਾਰਦੇ ਸਨ। ਦੋਵੇਂ ਪਰਵਾਰ ਇਕ ਦੂਜੇ ਦੇ ਗੁਆਂਢੀ ਸਨ ਅਤੇ ਇਕ ਦੂਸਰੇ ਦੇ ਘਰ ਆਉਣਾ ਜਾਣਾ ਆਮ ਸੀ। ਪਿੰਡ ਦੇ ਲੋਕ ਇਨ੍ਹਾਂ ਦੋਵੇਂ ਘਰਾਂ ਦੇ ਪਿਆਰ ਦੀਆਂ ਗੱਲਾਂ ਸੁਣਾਇਆ ਕਰਦੇ ਸਨ। ਅਮਰ ਸਿੰਘ ਨੇ ਤਾਂ ਰਹੀਮ ਹੁਸੈਨ ਨੂੰ ਇੰਜ ਪਾਲਿਆ ਸੀ ਜਿਵੇਂ ਆਪਣੀ ਧੀ ਨੂੰ ਪਾਲਿਆ ਹੋਵੇ। ਦੇਸ਼ ਦੀ ਵੰਡ ਸਮੇਂ ਹਰਨਾਮੋ ਦੀ ਉਮਰ 16 ਸਾਲ ਦੀ ਸੀ। ਰਹੀਮ ਹੁਸੈਨ ਅਤੇ ਹਰਨਾਮੋ ਦਾ ਪਿਆਰ ਹੋ ਜਾਣਾ ਕੁਦਰਤੀ ਸੀ। ਸੱਚਾ ਪਿਆਰ ਜ਼ਾਤ ਪਾਤ ਅਤੇ ਧਰਮ ਦੀਆਂ ਹੱਦਾਂ ਨਹੀਂ ਸਮਝਦਾ। ਪਰ ਇਨ੍ਹਾਂ ਮਾਸੂਮਾਂ ਨੂੰ ਕੀ ਪਤਾ ਸੀ ਕਿ ਦੇਸ਼ ਦੀ ਵੰਡ ਵੀ ਹੋ ਜਾਏਗੀ ਤੇ ਉਨ੍ਹਾਂ ਦੇ ਸੁਪਨੇ ਅਧੂਰੇ ਹੀ ਰਹਿ ਜਾਣਗੇ।

ਪਿੰਡਾਂ ਦੇ ਪਿੰਡ ਦੰਗੇ ਫਸਾਦਾਂ ਵਿੱਚ ਫਸੇ ਹੋਏ ਸਨ। ਇਸ ਮਹੌਲ ਨੂੰ ਦੇਖਦੇ ਹੋਏ, ਇਕ ਦਿਨ ਅੱਲਾ ਰੰਗ ਨੇ ਸਰਦਾਰ ਅਮਰ ਸਿੰਘ ਅੱਗੇ ਅਰਜ਼ ਕੀਤੀ।

"ਸਰਦਾਰਾ, ਹੁਣ ਸਾਡਾ ਇੱਥੇ ਰਹਿਣਾ ਜ਼ਿਆਦਾ ਠੀਕ ਨਹੀਂ ਹੈ। ਤੂੰ ਕਿਸੇ ਤਰ੍ਹਾਂ ਮੈਨੂੰ ਅਤੇ ਮੇਰੇ ਬੇਟੇ ਰਹੀਮ ਨੂੰ ਹਿੰਦੁਸਤਾਨ-ਪਾਕਿਸਤਾਨ ਦੇ ਬਾਰਡਰ ਤੱਕ ਪਹੁੰਚਾ ਦੇ", ਕਹਿੰਦੇ ਕਹਿੰਦੇ ਅੱਲਾ ਰੰਗ ਦਾ ਗਲਾ ਭਰ ਆਇਆ ਅਤੇ ਉਹ ਬੱਚਿਆਂ ਵਾਂਗ ਰੋਣ ਲੱਗ ਪਿਆ।

ਸਰਦਾਰ ਅਮਰ ਸਿੰਘ ਨੇ ਆਪਣਾ ਦਿਲ ਪਕਾ ਕੀਤਾ ਅਤੇ ਦੋਵੇਂ ਪਿਉ ਪੁਤਰ ਦੇ ਸਿਰਾਂ ਤੇ ਪਗੜੀ ਬੰਨ੍ਹ ਕੇ ਤਿਆਰ ਕੀਤਾ। ਹਰਨਾਮੋ ਨੇ ਵੀ ਹੱਠ ਕੀਤਾ ਅਤੇ ਇੰਜ ਚਾਰੇ ਜਣੇ ਕਦੇ ਬੱਸ, ਕਦੇ ਟਾਂਗੇ ਅਤੇ ਕਦੇ ਰਿਕਸ਼ੇ ਵਿੱਚ ਬੈਠ ਕੇ ਬਾਰਡਰ ਤੱਕ ਪਹੁੰਚੇ। ਵਿੱਛੜਨ ਵਾਲਾ ਦ੍ਰਿਸ਼ ਬੜਾ ਦਰਦਨਾਕ ਸੀ ਅਤੇ ਦੋਵੇਂ ਧਿਰਾਂ ਅੱਖਾਂ ਦੇ ਹੰਝੂ ਪੂੰਝਦੀਆ ਇਕ ਦੂਜੇ ਤੋਂ ਵਿੱਛੜ ਗਈਆਂ।

ਪਹਿਲਾਂ ਪਹਿਲਾ ਰਹੀਮ ਹੁਸੈਨ ਪਾਕਿਸਤਾਨ ਜਾ ਕੇ ਬਹੁਤ ਉਦਾਸ ਰਹਿਣ ਲੱਗ ਪਿਆ। ਕਈ ਵਾਰ ਤਾਂ ਉਹ ਦੋਸਤ ਦੇ ਮਿਲਣ ਦਾ ਬਹਾਨਾ ਮਾਰ ਕੇ ਘਰੋਂ ਨੱਠ ਜਾਂਦਾ ਅਤੇ ਚੋਰੀ ਚੋਰੀ ਬਾਰਡਰ ਤਕ ਪਹੁੰਚ ਜਾਂਦਾ ਪਰ ਉਸ ਨੂੰ ਆਪਣੇ ਬਜ਼ੁਰਗ ਪਿਉ ਦਾ ਪਿਆਰ ਦੁਬਾਰਾ ਘਰ ਨੂੰ ਖਿੱਚ ਲੈਂਦਾ। ਇਕ ਦਿਨ ਉਹ ਆਪਣੇ ਪਿਤਾ ਦੀ ਇੱਛਾ ਦੇ ਵਿਰੁੱਧ ਪਾਕਿਸਤਾਨ ਏਅਰ ਫੋਰਸ ਵਿੱਚ ਭਰਤੀ ਹੋ ਗਿਆ। ਕਿਉਂਕਿ ਘਰ ਵਿੱਚ ਆਮਦਨੀ ਦਾ ਕੋਈ ਹੋਰ ਰਸਤਾ ਨਜ਼ਰ ਨਹੀਂ ਆ ਰਿਹਾ ਸੀ। ਉਹ ਪੈਰਾਟਰੂਪਰਜ਼ ਦੇ ਮਹਿਕਮੇ ਭੇਜ ਦਿੱਤਾ ਗਿਆ।

ਜਦੋਂ ਕਦੇ ਉਸ ਦੇ ਦੋਸਤ ਭਾਰਤ ਬਾਰੇ ਨਫਰਤ ਦੀਆਂ ਗੱਲਾਂ ਕਰਦੇ ਤਾਂ ਉਹ ਚਿੜ੍ਹ ਜਾਂਦਾ। ਇਕ ਵਾਰ ਤਾਂ ਗੱਲ ਮਾਰ ਕੁਟਾਈ ਤੱਕ ਪਹੁੰਚ ਗਈ ਕਿਉਂਕਿ ਇਕ ਦੋਸਤ ਨੇ ਸਾਰੇ ਸਿੱਖਾਂ ਨੂੰ ਗਾਲ੍ਹਾਂ ਕੱਢੀਆਂ ਸਨ। ਉਹ ਕਦੇ ਉਨ੍ਹਾਂ ਦੀ ਐਸੀ ਬਹਿਸ ਨਾਲ ਸਹਿਮਤ ਨਾ ਹੁੰਦਾ ਅਤੇ ਜੇ ਕਦੇ ਈਰਖਾ ਦੀਆਂ ਗੱਲਾਂ ਹੱਦਾਂ ਬੰਨੇ ਟੱਪ ਜਾਂਦੀਆਂ ਤਾਂ ਉਹ ਰੋਣ ਲੱਗ ਪੈਂਦਾ। ਹੁਣ ਸਾਰੇ ਦੋਸਤਾਂ ਨੂੰ ਉਸ ਦੇ ਬਾਪੂ ਅਤੇ ਸਰਦਾਰ ਅਮਰ ਸਿੰਘ ਦੀ ਦੋਸਤੀ ਬਾਰੇ ਪੂਰਾ ਪੂਰਾ ਅਹਿਸਾਸ ਹੋ ਚੁੱਕਾ ਸੀ। ਦੋਸਤੀ ਦੀ ਇਹ ਮਿਸਾਲ ਉਨ੍ਹਾਂ ਨੂੰ ਨਫਰਤ ਦੇ ਜੰਜਾਲ ਵਿਚੋਂ ਦੂਰ ਲੈ ਜਾਂਦੀ।

ਦੇਸ਼ ਦੀ ਵੰਡ ਨੂੰ 18 ਸਾਲ ਗੁਜ਼ਰ ਚੁੱਕੇ ਸਨ। ਨਾ ਰਹੀਮ ਹੁਸੈਨ ਨੇ ਵਿਆਹ ਕਰਵਾਇਆ ਸੀ ਅਤੇ ਨਾ ਹੀ ਹਰਨਾਮੋ ਨੇ ਵਿਆਹ ਕਰਵਾਉਣ ਦੀ ਸਹਿਮਤੀ ਭਰੀ। ਜਦ ਕਦੇ ਅਮਰ ਸਿੰਘ ਆਪਣੀ ਇਕਲੌਤੀ ਧੀ ਨਾਲ ਵਿਆਹ ਦੀ ਗੱਲ ਚਲਾਉਂਦਾ ਤਾਂ ਉਹ ਨੂੰ ਕੋਰਾ ਜਵਾਬ ਮਿਲ ਜਾਂਦਾ। ਹਾਰ ਕੇ ਉਸ ਨੇ ਪੁੱਛਣਾ ਹੀ ਬੰਦ ਕਰ ਦਿੱਤਾ ਸੀ। ਹੁਣ ਹਰਨਾਮ ਕੌਰ ਦੀ ਉਮਰ 34 ਸਾਲ ਦੀ ਹੋ ਚੁੱਕੀ ਸੀ।

ਅੱਜ ਰਹੀਮ ਹੁਸੈਨ 38 ਸਾਲ ਦਾ ਅੱਧਖੜ ਹੋ ਚੁੱਕਾ ਸੀ। ਹਵਾਈ ਜਹਾਜ਼ ਦਾ ਪਾਇਲਟ ਆਦਮਪੁਰ ਹਵਾਈ ਅੱਡੇ ਕੋਲ ਪਹੁੰਚ ਚੁੱਕਾ ਸੀ

ਅਤੇ ਸਾਰਿਆਂ ਨੂੰ ਤਿਆਰ ਰਹਿਣ ਲਈ ਕਹਿ ਰਿਹਾ ਸੀ। ਪਾਇਲਟ ਦਾ ਨਿਸ਼ਾਨਾ ਗਲਤ ਹੋ ਗਿਆ ਸੀ। ਉਸ ਦਾ ਹਵਾਈ ਜਹਾਜ਼ ਆਦਮਪੁਰ ਦੇ ਹਵਾਈ ਅੱਡੇ ਤੋਂ ਅਗੇ ਚਲਾ ਗਿਆ ਸੀ। ਪਾਇਲਟ ਨੇ ਇਸ਼ਾਰਾ ਕੀਤਾ ਅਤੇ ਥੋੜੀ ਦੇਰ ਬਾਅਦ ਹਰ ਇਕ ਪੈਰਾਟਰੁਪਰ ਇਕ ਇਕ ਕਰਕੇ ਜਹਾਜ਼ ਤੋਂ ਬਾਹਰ ਨਿਕਲ ਗਿਆ ਅਤੇ ਅਸਮਾਨ ਵਿੱਚ ਛੱਡ ਦਿੱਤਾ ਗਿਆ।

ਉਨ੍ਹਾਂ ਦਿਨਾਂ ਵਿੱਚ ਪਾਕਿਸਤਾਨ ਹਰ ਹਵਾਈ ਅੱਡੇ ਕੋਲ ਬੜੀ ਸੰਖਿਆ ਵਿੱਚ ਪੈਰਾਟਰੁਪਰਜ਼ ਭੇਜ ਰਿਹਾ ਸੀ। ਲੋਕਾਂ ਨੂੰ ਇਨ੍ਹਾਂ ਪੈਰਾਟਰੁਪਰਜ਼ ਨੂੰ ਪਕੜ ਕੇ ਮਾਰਨ ਦੀਆਂ ਖਬਰਾਂ ਕਈ ਪਿੰਡਾਂ ਵਿੱਚ ਮਿਲਦੀਆਂ ਸਨ। ਕਈ ਪਾਕਿਸਤਾਨੀ ਪੈਰਾਟਰੁਪਰਜ਼ ਆਪਣੀਆਂ ਜਾਨਾਂ ਬਚਾਉਣ ਲਈ ਖੜੀਆਂ ਫਸਲਾਂ ਦਾ ਆਸਰਾ ਲੈ ਲੈਂਦੇ ਸਨ। ਰਹੀਮ ਹੁਸੈਨ ਨੂੰ ਤਾਂ ਇਸ ਇਲਾਕੇ ਦੀ ਚੱਪਾ ਚੱਪਾ ਧਰਤੀ ਦਾ ਪਤਾ ਸੀ। ਉਹ ਤਾਂ ਅੱਖਾਂ ਮੀਟ ਕੇ ਆਦਮਪੁਰ ਤੋਂ ਕਾਲਰੇ ਜਾਇਆ ਕਰਦਾ ਸੀ।

ਅੱਜ ਰਹੀਮ ਦੇ ਪਿਆਰ ਨੇ ਜ਼ੋਰ ਦੀ ਅੰਗੜਾਈ ਲਈ। ਉਸ ਦੀ ਭਾਰਤ ਬਾਰੇ ਸਿਖਾਈ ਸਾਰੀ ਨਫਰਤ ਪਿਆਰ ਵਿੱਚ ਬਦਲ ਗਈ। ਉਸ ਨੇ ਕਸਮ ਖਾਧੀ ਕਿ ਉਹ ਕਿਸੇ ਤਰ੍ਹਾਂ ਦੀ ਗਲਤ ਹਰਕਤ ਨਹੀਂ ਕਰੇਗਾ ਅਤੇ ਸਭ ਤੋਂ ਪਹਿਲਾਂ ਆਪਣੇ ਕਾਲਰਾ ਪਿੰਡ ਦੇ ਦਰਸ਼ਨ ਕਰੇਗਾ। ਆਪਣਾ ਪਿੰਡ ਅੱਜ ਉਸ ਨੂੰ ਮਸਜਿਦ ਜਾਣ ਦੇ ਬਰਾਬਰ ਲੱਗਣ ਲੱਗਾ। ਉਹ ਸਿਰਫ ਆਪਣੇ ਪਿੰਡ ਹੀ ਜਾਵੇਗਾ ਬੇਸ਼ਕ ਉਥੋਂ ਦੇ ਲੋਕ ਉਸ ਨੂੰ ਪਹਿਚਾਨਣ ਤੋਂ ਇਨਕਾਰ ਹੀ ਕਰ ਦੇਣ। ਉਹ ਹਰ ਮੁਸਕਲ ਦਾ ਸਾਹਮਣਾ ਕਰਦਾ ਹਰਨਾਮੋ ਤੇ ਚਾਚੇ ਅਮਰ ਸਿੰਘ ਨੂੰ ਮਿਲਣ ਲਈ ਜ਼ਰੂਰ ਜਾਏਗਾ। ਇਹ ਅਰਮਾਨ ਦਿਲ ਵਿੱਚ ਲੈ ਕੇ ਉਹ ਧਰਤੀ ਵਲ ਪਹੁੰਚ ਰਿਹਾ ਸੀ। ਪੈਰਾਸ਼ੂਟ ਉਸ ਦੇ ਪੂਰੇ ਕਾਬੂ ਵਿੱਚ ਸੀ ਅਤੇ ਜ਼ਮੀਨ ਤੇ ਉਤਰਨਾ ਉਸ ਲਈ ਕੋਈ ਮੁਸ਼ਕਲ ਨਹੀਂ ਸੀ।

"ਔਹ ਆਇਆ ਸਾਲਾ ਇਕ ਹੋਰ ਈ", ਇਕ ਕਿਸਾਨ ਬੋਲਿਆ। ਸਰਦਾਰ ਅਮਰ ਸਿੰਘ ਨੇ ਆਪਣੇ ਖੇਤ ਵਲਾਂ ਡਿੱਗਦੇ ਪੈਰਾਟਰੁਪਰ ਨੂੰ ਦੇਖਿਆ। ਉਸ ਨੇ ਬਲਦਾਂ ਨੂੰ ਥੋੜੀ ਦੇਰ ਲਈ ਰੋਕਿਆ ਅਤੇ ਨਾਲ ਆਏ ਚਾਰ ਪੰਜ ਕਾਮਿਆਂ ਨੂੰ ਬੁਲਾਇਆ। ਥੋੜੀ ਹੀ ਦੇਰ ਬਾਅਦ ਆਲੇ ਦੁਆਲੇ ਖੇਤ ਵਾਹੁਣ ਆਏ ਕਿਸਾਨ ਵੀ ਇਕੱਠੇ ਹੋ ਗਏ ਅਤੇ ਸਭਨਾਂ ਨੇ ਇਕੱਠੇ ਹੋ ਕੇ ਰਹੀਮ ਹੁਸੈਨ ਨੂੰ ਪਿਛੋਂ ਜਾ ਕੇ ਪਕੜ ਲਿਆ। ਚਾਰੇ ਪਾਸੇ ਅੰਧੇਰਾ ਸੀ ਅਤੇ ਇਕ ਦੂਜੇ ਨੂੰ ਥੋੜੀ ਥੋੜੀ ਸ਼ਕਲ ਨਜ਼ਰ ਆ ਰਹੀ ਸੀ।

ਰਹੀਮ ਹੁਸੈਨ ਆਪਣੇ ਪੁਰਾਣੇ ਪਿੰਡ ਕਾਲਰੇ ਦੀ ਜ਼ਮੀਨ ਤੇ ਪਹੁੰਚ ਚੁੱਕਾ ਸੀ। ਥੋੜੀ ਦੇਰ ਬਾਅਦ ਉਸ ਨੇ ਆਪਣੀਆਂ ਥੱਕੀਆਂ ਅੱਖਾਂ ਝਮਕੀਆਂ ਅਤੇ ਆਪਣੇ ਆਪ ਨੂੰ ਕਈ ਬੰਦਿਆਂ ਵਿੱਚ ਘਿਰਿਆ ਦੇਖਿਆ।

"ਮਾਰੋ ਸਾਲੇ ਨੂੰ ਕਿਤੇ ਕੰਜਰ ਦਾ ਛੁੜਾ ਕੇ ਨਾ ਨੱਠ ਜਾਵੇ" ਇਕੱਠੇ ਹੋਏ ਕਿਸਾਨਾਂ ਵਿਚੋਂ ਇਕ ਨੇ ਜੋਸ਼ੀਲੇ ਰੋਅਬ ਵਿੱਚ ਆ ਕੇ ਬੋਲਿਆ।

"ਥੋੜਾ ਸਾਹ ਲੈਣ ਦਿਉ, ਸਹੁਰੀ ਦਾ ਥੱਕ ਗਿਆ ਹੋਣਾ ਹੈ", ਅਮਰ ਸਿੰਘ ਨੇ ਆਪਣੀ ਬਲਦਾਂ ਵਾਲੀ ਪ੍ਰੈਣ (ਸੋਟੀ) ਚੁੱਕਦੇ ਕਿਹਾ।

ਹੁਸੈਨ ਨੇ ਥੋੜਾ ਹੌਂਸਲਾ ਬੰਨ੍ਹਿਆ ਅਤੇ ਉਨ੍ਹਾਂ ਕੋਲੋਂ ਜਗਹ ਦਾ ਨਾਂ ਪੁੱਛਿਆ।

"ਤੇਰੀ ਮਰਨ ਭੌਂ ਕਾਲਰਾ ਪਿੰਡ", ਇਕ ਨੇ ਜੁਆਬ ਦਿੱਤਾ।

"ਮੈਂ ਇਸ ਪਿੰਡ ਦਾ ਹੀ ਜਮਪਲ ਆਂ ਸਰਦਾਰ ਅਮਰ ਸਿੰਘ ਅਤੇ ਉਨ੍ਹਾਂ ਦੀ ਲੜਕੀ ਨਾਲ ਸਾਡਾ ਬਹੁਤ ਪਿਆਰ ਸੀ ਪਰ ਸਾਨੂੰ 1947 ਵਿੱਚ ਪਿੰਡ ਛੱਡ ਕੇ ਜਾਣਾ ਪਿਆ। ਮੈਂ ਇਸੇ ਪਿੰਡ ਹੀ .....'ਕਹਿੰਦੇ ਕਹਿੰਦੇ ਰਹੀਮ ਹੁਸੈਨ ਦਾ ਗਲਾ ਭਰ ਗਿਆ ਅਤੇ ਉਹ ਆਪਣੀ ਗੱਲ ਪੂਰੀ ਨਾ ਕਰ ਸਕਿਆ।

"ਮਾਰੋ ਸਾਲੇ ਨੂੰ, ਅਮਰ ਸਿੰਘ! ਸਹੁਰੇ ਦੀ ਜ਼ਬਾਨ ਕਿੰਨੀ ਵਧੀ ਹੋਈ ਆ", ਇਕ ਨੇ ਅਮਰ ਸਿੰਘ ਨੂੰ ਜੋਸ਼ ਦਿਲਾਣ ਲਈ ਕਿਹਾ। ਅਮਰ ਸਿੰਘ ਵੀ ਪਿੰਡ ਵਾਲਿਆਂ ਨਾਲ ਰਲ ਕੇ ਜੋਸ਼ ਵਿੱਚ ਆਇਆ ਹੋਇਆ ਸੀ। ਸਭ ਤੋਂ ਪਹਿਲੀ ਚੋਟ ਅਮਰ ਸਿੰਘ ਨੇ ਮਾਰੀ ਅਤੇ ਉਸ ਤੋਂ ਬਾਅਦ ਦਸਰਿਆਂ ਨੇ। ਰਹੀਮ ਹੁਸੈਨ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਰਹੀਮ ਹੁਸੈਨ ਦਾ ਸਿਰ ਲਹੂ ਲੁਹਾਣ ਹੋ ਗਿਆ ਸੀ। ਉਹ ਕਈ ਵਾਰ ਹੱਥ ਉਠਾਉਂਦਾ ਤਾਂ ਕਿ ਉਹ ਗੱਲ ਪੂਰੀ ਸਮਝਾ ਸਕੇ ਪਰ ਉਸ ਦੀ ਕੁਝ ਨਾ ਚੱਲੀ। ਆਖਰਕਾਰ ਉਹ ਜ਼ਮੀਨ ਤੇ ਢਹਿ ਢੇਰੀ ਹੋ ਗਿਆ।

"ਚਾਚਾ, ਚਾਚਾ, ਅਮਰ ਸਿੰਘ ਮੈਂ ਤੇਰਾ ਬੇਟਾ ਰਹੀਮ....... ਹੁਸੈਨ, ਅੱਲਾ ਰੰਗ ਦਾ ਪੁੱਤਰ ...", ਕਹਿੰਦੇ ਕਹਿੰਦੇ ਉਸ ਦੀ ਜ਼ਬਾਨ ਬੰਦ ਹੋ ਗਈ। ਜਦੋਂ ਅਮਰ ਸਿੰਘ ਨੇ ਇਹ ਸੁਣਿਆ ਤਾਂ ਉਹ ਉਸੇ ਵੇਲੇ ਹੀ ਸਕਤੇ ਵਿਚ ਆ ਗਿਆ। ●

---

(ਪੰਨਾ 41 ਦਾ ਬਾਕੀ)

ਅਪਣੀਆਂ ਅੱਖਾਂ ਨਾਲ ਦੇਖੋ। ਇਹ ਫਿਲਮ ਦੀ ਰੀਲ ਮੈਨੂੰ ਮੇਰੇ ਇਕ ਮਿੱਤਰ ਕਵੀ ਨੇ ਦਿੱਤੀ ਸੀ ਕਿ ਮੈਂ ਤੁਹਾਨੂੰ ਦਿਖਾਵਾਂ।

ਤੁਸੀਂ ਇਕ ਮਹਾਨ ਭਵਨ ਦੇਖ ਰਹੇ ਹੋ ਜਿਹੜਾ ਰੋਸ਼ਨੀ ਨਾਲ ਨ੍ਹਾਇਆ ਹੋਇਆ ਹੈ। ਦੋਵੇਂ ਪਾਸੇ ਲੋਕੀਂ ਫੁੱਲਾਂ ਦੇ ਹਾਰ ਅਤੇ ਗੁਲਦਸਤੇ ਲਈ ਖੜੇ ਹਨ। ਸਾਰੇ ਬੜੇ ਸ਼ੌਕ ਨਾਲ ਕਿਸੇ ਨੂੰ ਉਡੀਕ ਰਹੇ ਹਨ। ਕਾਰਾਂ ਅਤੇ ਸਕੂਟਰਾਂ ਦੀਆਂ ਕਤਾਰਾਂ ਦੂਰ ਦੂਰ ਤਕ ਦਿੱਸ ਰਹੀਆਂ ਹਨ। ਲਓ! ਇਕ ਫੁੱਲਾਂ ਨਾਲ ਲੱਦੀ ਕਾਰ ਆ ਰਹੀ ਹੈ। ਇਹ ਸਮਝ ਲੈਣਾ ਕਿ ਇਹਦੇ 'ਚੋਂ ਕੋਈ ਵਿਆਂਦੜ ਮੁੰਡਾ ਉਤਰੂਗਾ। ਇਸ ਰਸਮ ਦਾ ਲਾੜਾ ਤਾਂ ਹੱਥ-ਬੰਨ੍ਹੀ ਬਾਰ ਬਾਰ ਲੋਕਾਂ ਕੋਲੋਂ ਲੰਘਦਾ ਹੈ ਅਤੇ ਐਧਰ-ਓਧਰ ਭਟਕ ਰਿਹਾ ਹੈ। ਓਹ ਦੇਖੋ! ਕਵੀ ਜੀ ਮੋਟਰ ਵੱਲ ਭੱਜੇ। ਫ਼ੋਟੋਗ੍ਰਾਫ਼ਰਾਂ ਨੂੰ ਇਸ਼ਾਰਾ ਕੀਤਾ। ਕਾਰ ਦਾ ਦਰਵਾਜ਼ਾ ਉਹਨਾਂ ਨੇ ਬੜੀ ਸੱਭਿਅਤਾ ਨਾਲ ਖੋਹਲਿਆ ਅਤੇ ਬੜੀ ਹਲੀਮੀ ਨਾਲ ਝੁਕ ਕੇ ਅਭੀਵਾਦਨ ਕੀਤਾ। ਕਾਰ 'ਚੋਂ ਉਤਰਨ ਵਾਲੇ ਸ਼ਹਿਰ ਦੇ ਮੰਨੇ-ਪਰਮੰਨੇ ਰਈਸ ਹਨ। ਫ਼ੀਤਾ ਕੱਟਣਾ, ਉਹਨਾਂ ਨੇ ਕਿਸੇ ਪਾਸੋਂ ਨਹੀਂ ਸਿਖਿਆ, ਇਹ ਉਹਨਾਂ ਦਾ ਖ਼ਾਨਦਾਨੀ ਪੇਸ਼ਾ ਹੈ। ਕਵੀ ਸਾਹਿਬ, ਰਈਸ ਅੱਗੇ ਵਿਛ ਵਿਛ ਜਾਂਦੇ ਹਨ; ਫ਼ੋਟੋ-ਗ੍ਰਾਫ਼ਰ ਤੜਾਕ-ਫੜਾਕ ਤਸਵੀਰਾਂ ਖਿੱਚ ਰਹੇ ਹਨ।

ਹੁਣ; ਇਹ ਜੋ ਵੱਡਾ ਕਮਰਾ ਤੁਸੀਂ ਦੇਖ ਰਹੇ ਹੋ ਇਸ ਵਿਚ ਜਿਹੜਾ ਆਲੀਸ਼ਾਨ ਸਮਾਨ ਪਿਆ ਹੈ, ਇਹ ਸਾਰਾ ਕਵੀ ਸਾਹਿਬ ਕਿਰਾਏ ਤੇ ਲਿਆਏ ਹਨ। ਇਸੇ ਕਮਰੇ ਵਿਚ ਉਦਘਾਟਨ ਦੀ ਰਸਮ ਹੋਵੇਗੀ।

ਮੰਚ ਉਤੇ ਮੁੱਖ-ਅਤਿਥੀ ਪਧਾਰੇ, ਨਾਲ ਪੁਸਤਕ ਦੇ ਲੇਖਕ ਵੀ ਹਨ। ਬੱਚਿਓ! ਤੁਸੀਂ ਦੇਖ ਰਹੇ ਹੋਵੋਗੇ ਕਿ ਇਕ ਬੰਨੇ ਇਕੋ ਜਹੀਆਂ ਪੁਸਤਕਾਂ ਦਾ ਢੇਰ ਪਿਆ ਹੈ। ਇਹਨਾਂ 'ਚ ਇਕ ਵਧੀਆ ਕਵਰ ਵਾਲੀ ਪੁਸਤਕ ਵੀ ਹੈ, ਜਿਹਦੇ ਉਤੇ ਇਕ ਵਧੀਆ ਫੀਤਾ ਚੜਿਆ ਹੋਇਐ। ਬਸ ਇਹੋ ਉਹ ਪੁਸਤਕ ਹੈ ਜਿਹਨੂੰ ਮੁਖ-ਅਤਿਥੀ ਕਵੀ ਸਾਹਿਬ ਨੂੰ ਭੇਂਟ ਕਰਨਗੇ। ਤੁਸੀਂ ਪੁੱਛੋਗੇ ਕਿ ਕਵੀ ਜੀ ਨੂੰ ਉਹਨਾਂ ਦੀ ਅਪਣੀ ਹੀ ਪੁਸਤਕ ਭੇਂਟ ਕਰਨ ਦੇ ਕੀ ਅਰਥ? ਪਰ ਬੱਚਿਓ ਇਹ ਪ੍ਰਸ਼ਨ ਛੱਡੋ! ਤੁਸੀਂ ਸਾਹਮਣੇ ਦੇਖੋ। ਵਿਸ਼ੇਸ਼ ਅਤਿਥੀ ਵੱਲੋਂ ਕਵੀ ਜੀ ਨੂੰ ਪੁਸਤਕ ਭੇਂਟ ਕੀਤੀ ਗਈ। ਸ਼ਾਇਰ ਸਾਹਿਬ ਉੱਤੇ; ਟੈਲੀਵਿਜ਼ਨ ਹਰਕਤ ਵਿਚ ਆਇਆ; ਕੈਮਰਿਆਂ ਦੇ ਲੈਂਪ ਚਮਕੇ, ਲੋਕਾਂ ਨੇ ਤਾੜੀਆਂ ਮਾਰਨੀਆਂ ਸ਼ੁਰੂ ਕੀਤੀਆਂ। ਦੇਖੋ ਅੱਧੀ ਪੁਸਤਕ ਮੁੱਖ-ਅਤਿਥੀ ਦੇ ਹੱਥ 'ਚ 'ਤੇ ਅੱਧੀ ਸ਼ਾਇਰ ਸਾਹਿਬ ਦੇ। ਸ਼ਾਇਰ ਸਾਹਿਬ ਟੇਢੀ ਅੱਖ ਨਾਲ ਫੋਟੋਗ੍ਰਾਫ਼ਰਾਂ ਨੂੰ ਇਸ਼ਾਰਾ ਕਰ ਰਹੇ ਹਨ! ਬੱਚਿਓ! ਇਹੀਓ ਉਹ ਵੇਲਾ ਹੈ ਜਿਹਦਾ ਸ਼ਾਇਰ ਸਾਹਿਬ ਨੂੰ ਇੰਤਜ਼ਾਰ ਸੀ! ਹੁਣ ਉਹਨਾਂ ਨੂੰ ਕਵਿਤਾ-ਪਾਠ ਲਈ ਬੇਨਤੀ ਕੀਤੀ ਗਈ ਹੈ।

ਬੱਚਿਓ! ਕਵਿਤਾਵਾਂ ਤਾਂ ਤੁਸੀਂ ਵੀ ਪੜ੍ਹੀਆਂ ਹੋਣਗੀਆਂ—ਕਈ ਪਰਚਿਆਂ ਵਿਚ ਵਾਰ ਵਾਰ ਛਪ ਚੁੱਕੀਆਂ ਹਨ ਹੁਣ ਸੁਣ ਵੀ ਲਓ! ਲਓ ਉਦਘਾਟਨ ਦੀ ਰਸਮ ਖ਼ਤਮ ਹੋਈ। ਹੁਣ ਤੁਸੀਂ ਇਕ ਹੋਰ ਕਮਰੇ ਵਿਚ ਪਹੁੰਚਗੇ—ਜਿੱਥੇ ਵੰਨ-ਸੁਵੰਨੇ ਖਾਣੇ ਮੇਜ਼ ਉਤੇ ਬੜੇ ਸਲੀਕੇ ਨਾਲ ਸਜਾਏ ਹੋਏ ਹਨ। ਇਹ ਕੀ ?! ਮਹਿਮਾਨ ਖਾਣ ਦੀਆਂ ਚੀਜਾਂ ਤੇ ਇਲ੍ਹਾਂ ਵਾਂਗੂ ਡਿੱਗ ਪਏ ਹਨ। ਬੱਚਿਓ ਹੁਣ ਹੋਰ ਅੱਗੇ ਤੁਹਾਡੇ ਦੇਖਣ ਵਾਲੀ ਗੱਲ ਨਹੀਂ ਰਹੀ। ਉਦਘਾਟਨੀ ਰਸਮ ਦੀ ਛੁੱਟੀ—ਨਾਲੇ ਤੁਹਾਡੀ ਵੀ ਛੁੱਟੀ। ●


*(ਦੀਵਾਨ ਸਟਰੀਟ, ਨਾਭਾ, ਜ਼ਿਲਾ ਪਟਿਆਲਾ)

ਸਤੰਬਰ - 1980

# ਆਰਸੀ

60-ਪੈਸੇ

## ਸ਼ਹੀਦਾਂ ਦੀ ਲਾਸਾਨੀ ਯਾਦਗਰ - ਸਾਰਾਗੜ੍ਹੀ



ਕਹਾਣੀ

# ਲਿਫਟ

ਅਮਰਜੀਤ ਸਿੰਘ ਬਲਾਗੀਰ

"ਇਹ ਵੀ ਕੋਈ ਜ਼ਿੰਦਗੀ ਹੈ ?" ਮੈਂ ਇੱਕ ਦਿਨ ਆਪਣੀ ਰੋਜ਼ਾਨਾ ਡਿਊਟੀ ਤੋਂ ਤੰਗ ਆ ਕੇ ਆਪਣੇ ਆਪ ਨੂੰ ਪੁੱਛਿਆ। ਜਦੋਂ ਆਦਮੀ ਇਕੋ ਕੰਮ ਵਾਰ ਵਾਰ ਕਰਦਾ ਹੈ ਤਾਂ ਹੌਲੀ ਹੌਲੀ ਉਸਦੀ ਉਸ ਕੰਮ ਨੂੰ ਕਰਨ ਵਲ ਰੁਚੀ ਘੱਟ ਹੋਣ ਲੱਗਦੀ ਹੈ। ਆਪਣੇ ਕੰਮ ਨੂੰ ਰੋਚਕ ਰੱਖਣ ਲਈ ਉਹ ਬਿਲਕੁਲ ਨਵੇਂ ਸ਼ੁਗਲ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ ਤਾਂ ਕਿ ਉਸਦਾ ਮਨ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿ ਸਕੇ। ਅਸੀਂ ਵੀ ਇਕ ਵਾਰ ਇੰਜ ਹੀ ਫੈਕਟਰੀ ਦੀ ਜ਼ਿੰਦਗੀ ਤੋਂ ਦੁੱਖੀ ਹੋ ਗਏ ਅਤੇ ਸੋਚਿਆ ਕਿ ਦੂਰ ਐਸੀ ਜਗਾਹ ਤੇ ਜਾਈਏ ਜਿੱਥੇ ਫੈਕਟਰੀ ਦੀਆਂ ਗੱਲਾਂ ਨਾ ਹੋਣ।

ਮੈਨੂੰ ਬੰਗਾਲ ਵਿਚ ਰਹਿੰਦੇ 2 ਇੱਕ ਸਾਲ ਹੋ ਗਿਆ ਸੀ ਅਤੇ ਦਿਲ ਵਿਚ ਸ਼ੌਕ ਸੀ ਕਿ ਜਿੰਨਾ ਬੰਗਾਲ ਦੀ ਸਭਿਅਤਾ ਨੂੰ ਦੇਖਿਆ ਜਾਵੇ, ਉਨਾਂ ਹੀ ਚੰਗਾ ਹੈ ਕਿਉਂਕਿ ਫਿਰ ਪਤਾ ਨਹੀਂ ਕਦ ਇੱਧਰ ਪੋਸਟਿੰਗ ਹੋਵੇ। ਇਸ ਕਰਕੇ ਕਦੇ ਸ਼ਾਮ ਹੁਗਲੀ ਦਰਿਆ ਦੇ ਕਿਨਾਰੇ ਗੁਜ਼ਾਰਦਾ ਅਤੇ ਕਦੇ ਕਲਕੱਤੇ ਸ਼ਹਿਰ ਦੀਆਂ ਇਤਹਾਸਿਕ ਥਾਵਾਂ ਦੇਖਣ ਵਿੱਚ। ਈਸ਼ਾਪੁਰ ਕਲਕੱਤੇ ਤੋਂ 50—60 ਮੀਲ ਦੀ ਦੂਰੀ ਤੇ ਹੈ ਅਤੇ ਇਥੋਂ ਕਲਕੱਤੇ ਪਹੁੰਚਣ ਲਈ ਦੋ ਰਸਤੇ ਹਨ। ਇਕ ਤਾਂ ਸਿੱਧਾ ਟਰਾਮ ਪਕੜ ਕੇ ਸਿਆਲਦਾਹ ਸਟੇਸ਼ਨ ਪਹੁੰਚਣ ਵਾਲਾ ਅਤੇ ਦੂਸਰਾ ਗੰਗਾ ਦਰਿਆ (ਹੁਗਲੀ) ਨੂੰ ਪਾਰ ਕਰਕੇ ਵੈਦਿਆਵਟੀ ਸਟੇਸ਼ਨ ਤੋਂ ਹਾਵੜਾ ਸਟੇਸ਼ਨ ਪਹੁੰਚਣ ਵਾਲਾ। ਸਿਆਲਦਾਹ ਸਟੇਸ਼ਨ ਅਤੇ ਹਾਵੜਾ ਦੋਵੇਂ ਇਕ ਦੂਸਰੇ ਦੇ ਉਲਟ ਹੁਗਲੀ ਦਰਿਆ ਦੇ ਕਿਨਾਰੇ ਤੇ ਵਸੇ ਹੋਏ ਹਨ ਅਤੇ ਦੋਹਾਂ ਨੂੰ ਹਾਵੜਾ ਬ੍ਰਿਜ ਮਿਲਾਉਂਦਾ ਹੈ। ਮੇਰੀ ਫੈਕਟਰੀ ਈਸ਼ਾਪੁਰ ਵਿੱਚ ਸੀ।

ਮੇਰਾ ਇਕ ਦੋਸਤ ਹਿੰਦੁਸਤਾਨ ਕੌਪਰ ਲਿਮਿਟਡ ਵਿਚ ਨਵਾਂ ਅਫਸਰ ਬਣ ਕੇ ਆਇਆ ਸੀ। ਹਿੰਦੁਸਤਾਨ ਵਿਚ ਤਾਂਬੇ ਦੇ ਕਾਰਖਾਨੇ ਦੋ ਜਗਾਹ ਤੇ ਹਨ, ਇਕ ਘਾਟਸਿਲਾ ਵਿਖੇ (ਟਾਟਾ ਨਗਰ, ਬਿਹਾਰ) ਅਤੇ ਦੂਸਰਾ ਖੇਤਰੀ (ਉਦੈਪੁਰ, ਰਾਜਸਥਾਨ) ਵਿਚ ਹੈ। ਉਸਨੇ ਕਈ ਵਾਰ ਲਿਖਿਆ ਸੀ ਕਿ ਮੈਂ ਉਸਨੂੰ ਘਾਟਸਿਲਾ ਮਿਲਣ ਆਵਾਂ। ਘਾਟਸਿਲਾ ਰਮਣੀਕ ਜਗਾਹ ਹੈ। ਆਖਰਕਾਰ ਇਕ ਦਿਨ ਮੈਂ ਸੂਟ ਬੂਟ ਪਹਿਨ ਕੇ ਅਤੇ ਆਪਣਾ ਵੀ. ਆਈ. ਪੀ. ਬੈਗ ਲੈ ਕੇ ਈਸ਼ਾਪੁਰ ਸਟੇਸ਼ਨ ਪੁੱਜਾ। ਘਾਟਸਿਲਾ ਜਾਣ ਦਾ ਫੈਸਲਾ ਸੀ ਪਰ ਜਿਉਂ ਹੀ ਟਰਾਮ ਵਿਚ ਚੜ੍ਹਿਆ ਤਾਂ ਚਾਰ ਪੰਜ ਜੇਬ ਕੁਤਰਿਆਂ ਨੇ ਘੇਰਾ ਪਾ ਲਿਆ।

"ਕੀ ਹੋਇਆ ਸਰਦਾਰ ਜੀ, ਬਟੂਆ ਮਾਰਿਆ ਗਿਆ ?" ਇਕ ਨੇ ਬੜੀ ਹਮਦਰਦੀ ਨਾਲ ਪੁਛਿਆ ਜਿਵੇਂ ਮੈਨੂੰ ਟਿੱਕਟ ਅਤੇ ਬਟੂਆ ਵਾਪਸ ਦੇ ਦੇਣਾ ਹੋਵੇ।

"ਹਾਂ ਦਾਦਾ", ਮੈਂ ਜਲਦੀ ਨਾਲ ਇੰਜ ਜੁਆਬ ਦਿੱਤਾ ਜਿਵੇਂ ਕਿਤੇ ਵਾਪਸ ਮਿਲ ਜਾਣਾ ਹੋਵੇ।

"ਜੇ ਦਫਤਰ ਤੱਕ ਪਹੁੰਚਣ ਲਈ ਕਿਰਾਇਆ ਨਹੀਂ ਹੈ ਤਾਂ ਮੇਰੇ ਕੋਲੋਂ ਲੈ ਲਉ, ਕੋਈ ਗੱਲ ਨਹੀਂ", ਉਸ ਨੇ ਜ਼ਖਮਾਂ ਤੇ ਲੂਣ ਲਾਣ ਲਈ ਪੁੱਛਿਆ।

"ਦਾਦਾ, ਸ਼ੁਕਰੀਆ, ਮੇਰੇ ਪਾਸ ਦਫਤਰ ਪੁੱਜਣ ਲਈ ਭਾਨ ਹੈ", ਮੈਂ ਗੱਲ ਨੂੰ ਖਤਮ ਕਰਨ ਲਈ ਕਿਹਾ ਅਤੇ ਆਪਣੇ ਮੂੰਹ ਨੂੰ ਇੰਜ ਬਨਾਉਣ ਦੀ ਕੋਸ਼ਿਸ਼ ਕੀਤੀ ਜਿਵੇਂ ਮੇਰੇ ਨਾਲ ਕੁਝ ਵੀ ਨਾ ਵਾਪਰਿਆ ਹੋਵੇ।

ਇੰਜ ਸਾਡੇ ਪਹਿਲੇ ਘਾਟਸਿਲਾ ਜਾਣ ਦੇ ਪ੍ਰੋਗਰਾਮ ਤੇ ਪਾਣੀ ਫਿਰ ਗਿਆ।

23 ਜਨਵਰੀ ਨੂੰ ਸਾਰੇ ਬੰਗਾਲ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ ਦੀ ਛੁੱਟੀ ਹੁੰਦੀ ਹੈ ਅਤੇ 26 ਜਨਵਰੀ ਨੂੰ ਤਾਂ ਸਾਰੇ ਭਾਰਤ ਵਿੱਚ ਹੀ ਛੁੱਟੀ ਹੁੰਦੀ ਹੈ। ਮੈਂ ਸੋਚਿਆ ਕਿ ਇਸ ਵਾਰ ਦੋ ਤਿੰਨ ਕੈਜ਼ੁਅਲ ਛੁਟੀਆਂ ਰਲਾ ਕੇ ਟਾਟਾਨਗਰ ਅਤੇ ਘਾਟਸਿਲਾ ਦੇਖਿਆ ਜਾਵੇ! ਮੈਂ ਛੁਟੀ ਲਈ ਦਰਖਾਸਤ ਲਿਖੀ ਜੋ ਮਨਜ਼ੂਰ ਹੋ ਗਈ।

ਉੱਚੀ ਅਹੁਦੇ ਵਾਲੀ ਸਰਕਾਰੀ ਨੌਕਰੀ ਲਈ ਯੂ. ਪੀ. ਐਸ. ਸੀ. ਦੇ ਇਮਤਿਹਾਨ ਵਿਚੋਂ ਸਫਲ ਹੋਣ ਦਾ ਮੈਨੂੰ ਡਿਗਰੀ ਲੈਣ ਤੋਂ ਬਾਅਦ ਕਾਫੀ ਸ਼ੌਕ ਸੀ। ਹੁਣ ਦੀ ਨੌਕਰੀ ਇਸੀ ਮੁਕਾਬਲੇ ਵਿਚੋਂ ਸਫਲ ਹੋਣ ਦਾ ਹੀ ਨਤੀਜਾ ਸੀ। ਕਲਾਸ ਵੱਨ ਗਜ਼ਟਿਡ ਅਫਸਰ ਬਣਨ ਨਾਲ [redacted] ਦਿਮਾਗ ਵਿੱਚ ਕਈ ਤਰ੍ਹਾਂ ਦੇ ਫਤੂਰ ਭਰ ਜਾਂਦੇ ਹਨ ਅਤੇ ਹਰ ਗੱਲ ਆਦਮੀ ਇੰਜ ਬਣਾ ਬਣਾ ਕੇ ਕਰਦਾ ਹੈ ਜਿਵੇਂ ਕਿ U.P.S.C. ਨੇ ਉਸ ਨੂੰ ਭਾਰਤ ਦਾ ਰਾਸ਼ਟਰਪਤੀ ਬਣਾ ਦਿੱਤਾ ਹੋਵੇ। ਇਹੀ ਹਾਲ ਆਪਣੇ ਨਾਲ ਹੋ ਰਿਹਾ ਸੀ। ਮੈਂ ਆਪਣੇ ਆਪ ਬਾਰੇ ਸੋਚ ਰਿਹਾ ਸੀ ਕਿ ਹੁਣ ਮੈਂ ਕੋਈ ਅਨੋਖਾ ਆਦਮੀ ਬਣ ਚੁੱਕਾ ਸਾਂ ਜੋ ਆਮ ਜਨਤਾ ਤੋਂ ਬਿਲਕੁਲ ਵੱਖਰਾ ਹਾਂ।

23 ਜਨਵਰੀ ਨੂੰ ਮੈਂ ਜਲਦੀ ਨਾਲ ਤਿਆਰ ਹੋਇਆ ਅਤੇ ਸੋਚਿਆ ਕਿ ਇਸ ਵਾਰ ਵੈਦਿਆਵਟੀ ਤੋਂ ਟ੍ਰਾਮ ਪਕੜ ਕੇ ਹਾਵੜਾ ਪਹੁੰਚਾਗਾ। ਇਸ ਲਈ ਬੇੜੀ ਨਾਲ ਗੰਗਾ ਪਾਰ ਕਰਨੀ ਪੈਣੀ ਸੀ। ਸੋ ਮੈਂ ਜਲਦੀ ਨਾਲ ਘਾਟ ਤੇ ਪਹੁੰਚਾ ਅਤੇ ਛੇਤੀ ਛੇਤੀ ਘਾਟ ਪਾਰ ਕੀਤਾ। ਰਿਕਸ਼ਾ ਪਕੜ ਕੇ ਵੈਦਿਆਵਟੀ ਸਟੇਸ਼ਨ ਤੇ ਪਹੁੰਚਿਆ ਅਤੇ ਹਾਵੜੇ ਲਈ ਇਕ ਸੈਕਿੰਡ ਕਲਾਸ ਦਾ ਟਿਕਟ ਖਰੀਦਿਆ।

ਬੰਗਾਲ ਵਿੱਚ ਖਾਸ ਕਰ ਟ੍ਰਾਮਾਂ ਵਿੱਚ ਦੁਪਹਿਰ ਤੇ ਸ਼ਾਮ ਵੇਲੇ ਬਹੁਤ ਭੀੜ ਹੁੰਦੀ ਹੈ ਅਤੇ ਲੋਕ ਲੰਗੂਰਾ ਵਾਂਗ ਥਾਂ ਥਾਂ ਲਟਕੇ ਟ੍ਰਾਮਾਂ ਤੇ ਨਜ਼ਰ ਆਉਂਦੇ ਹਨ। ਇੰਜ ਲਗਦਾ ਹੈ ਕਿ ਜੇ ਕਿਤੇ ਸਾਰਿਆਂ ਨੇ ਜੀਵਨ ਬੀਮੇਂ ਕਰਵਾਏ ਹੋਣ ਤਾਂ ਸ਼ਾਇਦ ਬੀਮਾਂ ਕੰਪਨੀਆਂ ਹੀ ਪੈਸੇ ਭਰਦੀਆਂ ਫੇਲ ਹੋ ਜਾਣ। ਹਰ ਗਰੀਬ ਆਦਮੀ ਆਸਾਮ, ਬਿਹਾਰ ਅਤੇ ਉੜੀਸਾ ਤੋਂ ਕਾਰੋਬਾਰ ਦੀ ਭਾਲ ਵਿੱਚ ਕਲਕੱਤੇ ਆਉਂਦਾ ਹੈ। ਟ੍ਰਾਮ ਦਾ ਕਿਰਾਇਆ ਘੱਟ ਲਗਦਾ ਹੈ। ਇਸ ਲਈ ਹਰ ਕੋਈ ਟ੍ਰਾਮ ਵਿੱਚ ਹੀ ਸਫਰ ਕਰਨਾ ਪਸੰਦ ਕਰਦਾ ਹੈ।

ਇਕ ਟ੍ਰਾਮ ਤਾਂ ਮੈਂ ਚੰਗੀ ਭਲੀ ਛੱਡ ਦਿਤੀ। ਮੈਂ ਸੋਚਿਆ ਕਿ ਮੇਰੇ ਕੋਟ ਅਤੇ ਪੈਂਟ ਦੀ ਕ੍ਰੀਜ਼ (ਤਹਿ) ਨੂੰ ਭੰਨ ਪੈ ਜਾਣਗੇ ਅਤੇ ਕਿਤੇ ਮੇਰੀ ਪਗੜੀ ਨਾ ਉੱਤਰ ਜਾਵੇ।

"ਦਾਦਾ, ਅਗਲੀ ਟ੍ਰੇਨ ਕਦ ਤੱਕ

ਆਏਗੀ ?" ਮੈਂ ਇਕ ਬੰਗਾਲੀ ਬਾਬੂ ਨੂੰ ਪੁੱਛਿਆ ।

"ਅੱਧੇ ਘੰਟੇ ਤਕ", ਉਸ ਨੇ ਬਗੈਰ ਮੇਰੇ ਵਲ ਦੇਖੇ ਜੁਆਬ ਦਿੱਤਾ । ਮੈਂ ਫਿਰ ਨਿਮੋਝੂਣ ਜਿਹਾ ਹੋ ਕੇ ਖੜ ਕੇ ਪਛਤਾਉਣ ਲੱਗਾ । ਇੱਧਰ ਉੱਧਰ ਵੇਖਿਆ । ਕਿਸੀ ਜਗਾਹ ਤੇ ਬੈਠਣ ਨੂੰ ਦਿਲ ਨਹੀਂ ਕਰਦਾ ਸੀ ਕਿਉਂਕਿ ਹਰ ਜਗਾਹ ਗੰਦੀ ਲੱਗ ਰਹੀ ਸੀ । ਖੜੇ ਖੜੇ ਦੀਆਂ ਮੇਰੀਆਂ ਲੱਤਾਂ ਆਕੜਨ ਲੱਗੀਆਂ ਅਤੇ ਮੈਂ ਸੋਚਿਆ ਕਿ ਮੈਂ ਹਰ ਹਾਲਤ ਵਿੱਚ ਅਗਲੀ ਗੱਡੀ ਤੇ ਚੜ੍ਹ ਜਾਣਾ ਹੈ ।

"ਅਗਲੀ ਗੱਡੀ 15 ਮਿੰਟ ਲੇਟ ਹੈ", ਸਟੇਸ਼ਨ ਵਾਲੇ ਕਲਰਕ ਨੇ ਸਪੀਕਰ ਰਾਹੀਂ ਜਨਤਾ ਨੂੰ ਖਬਰ ਕੀਤੀ । ਬੱਸ ਹੁਣ ਤਾਂ ਖੜੇ ਖੜੇ ਦਾ ਹੋਰ ਵੀ ਬੁਰਾ ਹਾਲ ਹੋਣ ਲੱਗਾ ।

ਅਗਲੀ ਟ੍ਰਾਮ ਪਹੁੰਚ ਗਈ ਪਰ ਉਸ ਦੀ ਭੀੜ ਪਹਿਲੀ ਨਾਲੋਂ ਵੀ ਦੁੱਗਣੀ ਸੀ, ਮੈਂ ਕਰੜਾ ਜਿਹਾ ਦਿਲ ਕਰਕੇ ਇਕ ਡੱਬੇ ਵਿੱਚ ਘੁਸ ਗਿਆ । ਪਿੱਛਿਉਂ ਜ਼ੋਰ ਦਾ ਧੱਕਾ ਪਿਆ ਅਤੇ ਮੈਂ ਆਪਣੀ ਪਗੜੀ ਬਚਾਉਂਦਾ ਡੱਬੇ ਦੇ ਵਿਚਕਾਰ ਤੱਕ ਪਹੁੰਚ ਗਿਆ । ਦੁਪਹਿਰ ਦਾ ਵੇਲਾ ਸੀ । ਪਿਛਲੀ ਰਾਤ ਵੀ ਘਾਟਸਿਲਾ ਜਾਣ ਦੇ ਚਾਅ ਵਿੱਚ ਘੱਟ ਹੀ ਸੁੱਤਾ ਸੀ । ਥੋੜੇ ਚਿਰ ਬਾਅਦ ਨੀਂਦ ਆਉਣੀ ਸ਼ੁਰੂ ਹੋ ਗਈ । ਕਿਤੇ ਕਿਤੇ ਅੱਖਾਂ ਖੋਲ੍ਹ ਕੇ ਆਪਣਾ ਬੈਗ ਅਤੇ ਆਪਣੇ ਆਲੇ ਦੁਆਲੇ ਦੇ ਖੜੇ ਯਾਤਰੀ ਦੇਖ ਲੈਂਦਾ ਸੀ । ਇਕ ਦੁਖੀ ਔਰਤ ਆਪਣੇ ਬੱਚੇ ਨੂੰ ਗੋਦ ਵਿੱਚ ਲਈ ਮੇਰੇ ਵਾਂਗ ਕਦੇ ਸੌਂਦੀ ਅਤੇ ਕਦੇ ਜਾਗ ਰਹੀ ਸੀ ।

ਇਕ ਵਾਰ ਮੇਰੀ ਅਚਾਨਕ ਅੱਖ ਖੁਲ੍ਹੀ ਤਾਂ ਦੇਖਿਆ ਕਿ ਡੱਬੇ ਦੇ ਅੰਦਰ ਕਲਾਸ ਫਸਟ ਲਿਖਿਆ ਹੋਇਆ ਸੀ । ਮੈਂ ਸੋਚਿਆ ਕਿ ਗਲਤੀ ਨਾਲ ਪਹਿਲੀ ਕਲਾਸ ਲਿਖੀ ਹੋਣੀ ਹੈ ਜਾਂ ਕਿਸੇ ਨੇ ਇਕ ਲਕੀਰ ਮਿਟਾ ਦਿੱਤੀ ਹੋਣੀ ਹੈ ਕਿਉਂਕਿ ਸੀਟਾਂ ਦੀ ਹਾਲਤ ਕਾਫੀ ਖਸਤਾ ਸੀ ਅਤੇ ਲੋਕਾਂ ਦੀ ਉਸ ਡੱਬੇ ਵਿੱਚ ਇੰਨੀ ਭੀੜ ਸੀ ਕਿ ਇਸ ਨੂੰ ਪਹਿਲੀ ਕਲਾਸ ਦਾ ਡੱਬਾ ਸਮਝਣਾ ਹੀ ਬੇਵਕੂਫੀ ਸੀ । ਥੋੜੇ ਚਿਰ ਬਾਅਦ ਫਿਰ ਨੀਂਦ ਆ ਗਈ । ਇਕ ਝਟਕਾ ਜਿਹਾ ਲੱਗਾ । ਹਾਵੜਾ ਸਟੇਸ਼ਨ ਆ ਗਿਆ ਸੀ ।

"ਟਿੱਕਟ, ਟਿੱਕਟ", ਇਕ ਬੰਗਾਲੀ ਟਿੱਕਟ ਕੁਲੈਕਟਰ ਸਭ ਉਤਰਦੇ ਯਾਤਰੀਆਂ ਅੱਗੇ ਹੱਥ ਵਧਾ ਕੇ ਪੁੱਛ ਰਿਹਾ ਸੀ ਪਰ ਹਰ ਕੋਈ ਮੱਖੀਆਂ ਵਾਂਗ ਬਾਹਰ ਨਿਕਲ ਰਿਹਾ ਸੀ । ਕਿਤੇ ਟਿਕਟ ਦਾ ਨਾਂ ਨਿਸ਼ਾਨ ਨਹੀਂ ਸੀ ਅਤੇ ਕੋਈ ਕੋਈ ਜੇਬ ਉਤੇ ਹੱਥ ਰੱਖ ਕੇ "ਪਾਸ ਹੈ, ਪਾਸ ਹੈ" ਕਹਿ ਕੇ ਬਾਹਰ ਨਿਕਲ ਰਿਹਾ ਸੀ । ਮੈਂ ਉਤਰਦੇ ਨੇ ਸੋਚਿਆ ਕਿ ਟਿਕਟ ਦਿਖਾ ਦੇਣ ਵਿੱਚ ਕੋਈ ਹਰਜ਼ ਨਹੀਂ ਹੈ ।

"ਸਰਦਾਰ ਜੀ, ਇਹ ਤਾਂ ਸੈਕਿੰਡ ਕਲਾਸ ਦਾ ਟਿੱਕਟ ਹੈ ਪਰ ਡੱਬਾ ਤਾਂ ਫਸਟ ਕਲਾਸ ਦਾ ਹੈ", ਉਸ ਨੇ ਮੇਰੇ ਸੂਟ ਅਤੇ ਫਸਟ ਕਲਾਸ ਟਾਈ ਤੇ ਝਾਤ ਮਾਰਦਿਆਂ ਕਿਹਾ ।

"ਹਾਂ ਜੀ, ਤੁਸੀਂ ਵੀ ਟਿੱਕਟ ਦਿਖਾਉ", ਉਸ ਨੇ ਮੇਰੇ ਸਾਹਮਣੇ ਸਫਰ ਕਰ ਰਹੀ ਬੰਗਾਲੀ ਤੀਵੀਂ ਨੂੰ ਪੁੱਛਿਆ । ਉਸ ਨੇ ਆਪਣਾ ਟਿੱਕਟ ਦਿਖਾਇਆ ਪਰ ਉਹ ਵੀ ਸੈਕਿੰਡ ਕਲਾਸ ਦਾ ਹੀ ਨਿਕਲਿਆ ।

"ਇੰਜ ਲਗਦਾ ਹੈ ਜਿਵੇਂ ਸਾਰੇ ਯਾਤਰੀ ਸੈਕਿੰਡ ਕਲਾਸ ਦਾ ਟਿੱਕਟ ਲੈ ਕੇ ਹੀ ਸਫਰ ਕਰ ਰਹੇ ਸਨ, ਇਸ ਡੱਬੇ ਵਿੱਚ", ਬੰਗਾਲੀ ਕੁਲੈਕਟਰ ਬੋਲਿਆ ਅਤੇ ਫਿਰ ਮੇਰੇ ਵਲ ਆਪਣੀ ਕਰੁਣਾ ਭਰੀ ਨਿਗਾਅ ਮਾਰਦੇ ਕਹਿਣ ਲੱਗਾ, "ਤੇ ਫਿਰ ਤੁਹਾਡਾ ਕੀ ਉਪਾਏ ਕੀਤਾ ਜਾਏ ?" ਉਹ ਆਪਣੀ ਪੁਰਾਣੀ ਢਿੱਲੀ ਜਿਹੀ ਜੁਰਮਾਨੇ ਵਾਲੀ ਨੋਟਬੁਕ ਅਤੇ ਪੈਂਸਿਲ ਦਿਖਾਉਂਦਾ ਕਹਿਣ ਲੱਗਾ ।

ਦੂਰ ਤੋਂ ਇਕ ਸਰਦਾਰ ਜੀ ਨੇ ਮੈਨੂੰ ਫਸੇ ਹੋਏ ਨੂੰ ਦੇਖਿਆ ਅਤੇ ਪੰਜ ਉਂਗਲਾਂ ਮੇਰੇ ਵਲਾਂ ਖੜੀਆਂ ਕਰਕੇ ਇਸ਼ਾਰਾ ਕਰਦਾ ਚਲਾ ਗਿਆ । ਮੈਂ ਪੰਜ ਰੁਪਏ ਇੰਜ ਨਹੀਂ ਦੇਣਾ ਚਾਹੁੰਦਾ ਸੀ ਅਤੇ ਕੁਲੈਕਟਰ ਨੂੰ ਵਿਸਥਾਰ ਨਾਲ ਡੱਬੇ ਦੀਆਂ ਸੀਟਾਂ ਦੀ ਹਾਲਤ ਦੱਸਣ ਲੱਗਾ ਅਤੇ ਭੀੜ ਦਾ ਪੂਰਾ ਹਾਲ ਸੁਨਾਉਣ ਲੱਗਾ । ਹੁਣ ਟਿਕਟ ਕੁਲੈਕਟਰ ਯਕੀਨ ਕਰ ਚੁੱਕਾ ਸੀ ਕਿ ਮੈਂ ਦੂਸਰੇ ਸਰਦਾਰ ਦੇ ਇਸ਼ਾਰੇ ਮੁਤਾਬਿਕ ਪੰਜ ਰੁਪਏ ਦਾ ਨੋਟ ਦੇ ਕੇ ਉਸ ਕੋਲੋਂ ਖਹਿੜਾ ਛੁੜਾ ਲਵਾਂਗਾ । ਮੈਂ ਉਸ ਨੂੰ ਫਿਰ ਵੈਦਿਆਵਤੀ ਦੀ ਭੀੜ ਦੀ ਗੱਲ ਕੀਤੀ ਅਤੇ ਪਹਿਲੀ ਵਾਰ ਇੰਜ ਹੋ ਜਾਣ ਕਰਕੇ ਮੁਆਫ ਕਰਨ ਲਈ ਕਿਹਾ ਪਰ ਉਹ ਇੰਜ ਚੰਗੇ ਭਲੇ ਮੁਰਗੇ ਨੂੰ ਫਸਿਆ ਖਾਲੀ ਨਹੀਂ ਜਾਣ ਦੇਣਾ ਚਾਹੁੰਦਾ ਸੀ । ਉਸ ਨੇ ਕਿਹਾ "ਸਰਦਾਰ ਜੀ, ਸਿਰਫ ਫਸਟ ਕਲਾਸ ਦਾ ਕਿਰਾਇਆ ਹੀ ਵਸੂਲ ਨਹੀਂ ਹੋਵੇਗਾ, ਬਲਕਿ 10 ਰੁਪਏ ਜੁਰਮਾਨਾ ਵੀ ਦੇਣਾ ਪਵੇਗਾ ।" ਉਸ ਦਾ ਕਹਿਣ ਦਾ ਮਤਲਬ ਹੋਰ ਸੀ ਕਿ ਸਰ-ਕਾਰ ਨੂੰ 18 ਰੁਪਏ ਦੇਣੇ ਠੀਕ ਨਹੀਂ ਹਨ ਤੇ ਉਸ ਨੂੰ ਪੰਜ ਰੁਪਏ ਪੂਜਣੇ ਚੰਗੇ ਹਨ ।

ਮੇਰਾ ਮਨ ਦੋ ਚਿਤੀ ਵਿੱਚ ਫਸ ਗਿਆ । "ਕੀ ਪੰਜ ਰੁਪਏ ਦੇਈਏ ਜਾਂ 18 ਰੁਪਏ ਦੇਈਏ ?" ਪੰਜ ਰੁਪਏ ਦੇਵਾਂ ਤਾਂ ਉਹ ਸਿੱਧੇ ਇਸ ਦੀ ਜੇਬ ਵਿੱਚ ਜਾਣਗੇ ਪਰ ਜੇ 18 ਰੁਪਏ ਦਿੱਤੇ ਤਾਂ ਸਰਕਾਰ ਦੇ ਖਾਤੇ ਵਿੱਚ ਪੈਣਗੇ । ਫਿਰ ਸੋਚਿਆ ਕਿ ਖਸਮਾਂ ਨੂੰ ਖਾਏ ਸਰਕਾਰ ਪੂਰੇ 13 ਰੁਪਏ ਦੀ ਬੱਚਤ ਹੈ ਜੇ 5 ਰੁਪਏ ਇਸ ਦੇ ਮੱਥੇ ਮਾਰਾਂ ।"

ਅਚਾਨਕ ਅੰਦਰਲੀ ਆਵਾਜ਼ ਨੇ ਫੈਸਲਾ ਕੀਤਾ ਕਿ ਮੈਨੂੰ ਸਰਕਾਰੀ ਮੁਲਾਜ਼ਮ ਹੋਣ ਦੇ ਨਾਤੇ 18 ਰੁਪਏ ਦੇਣੇ ਚਾਹੀਦੇ ਹਨ ।

"ਮੈਨੂੰ 18 ਰੁਪਏ ਦੀ ਪਰਚੀ ਬਣਾ ਦੇ", ਮੈਂ ਬੰਗਾਲੀ ਬਾਬੂ ਨੂੰ ਕਿਹਾ । ਉਹ ਹੱਕਾ ਬੱਕਾ ਰਹਿ ਗਿਆ ਅਤੇ ਬੜੀ ਹੌਲੀ ਹੌਲੀ ਨੋਟ ਬੁੱਕ ਕੱਢ ਕੇ ਪਰਚੀ ਬਨਾਉਣ ਲੱਗਾ । ਉਸ ਕੋਲੋਂ ਰਿਹਾ ਨਾ ਗਿਆ ਅਤੇ ਇਕ ਵਾਰ ਜੁਰਮਾਨੇ ਵਾਲੀ ਪਰਚੀ ਬਣਾਉਂਦਾ ਬਣਾਉਂਦਾ ਰੁੱਕ ਕੇ ਬੋਲਿਆ "ਜੇ ਸਰਦਾਰ ਜੀ, ਪੰਜ ਰੁਪਏ..."

"ਦਾਦਾ, ਤੇਰਾ ਨਾਂ ਏ. ਐਸ, ਸਰਕਾਰ ਹੈ ਨਾਂ ? ਮੈਂ ਸੋਚਿਆ ਹੈ ਕਿਉਂ ਨਾ ਦੂਸਰੀ ਸਰਕਾਰ ਦਾ ਭਲਾ ਹੀ ਕਰ ਦਿੱਤਾ ਜਾਵੇ । ਹੁਣ ਫਸੇ ਨੂੰ ਫਟਕਣ ਦੀ ਕੀਹ ?" ਮੈਂ ਉਸ ਦੀ ਗੱਲ ਨੂੰ ਵਿੱਚ ਵਿਚਾਲੇ ਟੋਕਦੇ ਕਿਹਾ ।

"ਵੋਹ ਤੋ ਬਾਤ ਸਰਦਾਰ ਜੀ, ਆਪ ਕੀ ਠੀਕ ਹੈ ਮਗਰ ਪਾਂਚ ਰੁਪਏ ਮੇਂ ਆਪ ਕਾ ਭੀ.. ...—", ਕੁਲੈਕਟਰ ਸਾਹਿਬ ਸਰਕਾਰੀ ਨੌਕਰ ਹੋ ਕੇ ਭੀ ਮੈਨੂੰ ਹਿੰਦੀ ਵਿੱਚ ਇੰਜ ਸਮਝਾ ਰਹੇ ਸਨ ਜਿਵੇਂ ਕਿ ਹਾਲੇ ਤਾਈਂ ਮੈਂ ਉਸ ਦੀ ਬੰਗਲਾ ਬੋਲੀ ਸਮਝ ਨਹੀਂ ਸੀ ਸਕਿਆ ।

"ਸ਼ੁਕਰੀਆ", ਕਹਿ ਕੇ ਮੈਂ ਉਸ ਕੋਲੋਂ ਜਲਦੀ ਨਾਲ 18 ਰੁਪਏ ਵਾਲੀ ਰਸੀਦ ਪਕੜੀ ਅਤੇ ਜੇਤੂ ਖਿਡਾਰੀ ਵਾਂਗ ਅੱਗੇ ਵੱਧ ਗਿਆ । ਥੋੜੀ ਦੇਰ ਬਾਅਦ ਮੁੜ ਕੇ ਵੇਖਿਆ ਤਾਂ ਟਿਕਟ ਬਾਬੂ ਮੇਰੇ ਵਲ ਹਾਲੇ ਵੀ ਘੂਰ ਘੂਰ ਕੇ ਦੇਖ ਰਿਹਾ ਸੀ ।


---

(ਪਤਾ : ਸਹਾਇਕ ਮੈਨੇਜਰ, ਆਰਡਨੈਂਸ ਕੇਬਲ ਫੈਕਟਰੀ, ਕਾਨਪੁਰ)

# ਆਰਸੀ

ਅਕਤੂਬਰ, 81

60-ਪੈਸੇ



## ਅੰਦਰ ਪੜ੍ਹੋ

**ਕਾਵਿ-ਗੁਲਜ਼ਾਰ**
ਪ੍ਰਿੰ: ਤਖਤ ਸਿੰਘ
ਗੁਰਦਿਆਲ ਰੌਸ਼ਨ
ਅਮਰਜੀਤ ਪਟਿਆਲਵੀ
ਮੁਰਸ਼ਦ ਬੁਟਰਵੀ

**ਕਹਾਣੀਆਂ**
ਕਰਤਾਰ ਸਿੰਘ ਦੁੱਗਲ
ਭਗਵੰਤ ਕੌਰ
ਏ. ਐਸ. ਬਲਗੀਰ

**ਨਾਟਕ**
ਸਤਿੰਦਰ ਨੰਦਾ

**ਲੇਖ-ਮਾਲਾ**
ਡਾ: ਸ. ਸ. ਕਿਸ਼ਨਪੁਰੀ

**ਕਲਾ ਜਗਤ**
ਸੁਰਿੰਦਰ ਪਾਲ ਸਿੰਘ

**ਖੇਡ ਜਗਤ**
ਸਤਵੀਰ ਸਿੰਘ ਪਾਬਲਾ
ਅਤੇ ਹੋਰ ਬਹੁਤ ਸਾਰੇ

## ਕਹਾਣੀ

# ਸੋਨੇ ਦੀ ਅੰਗੂਠੀ

ਏ. ਐਸ. ਬਲਗੀਰ

**ਕਾਲਕਾ** ਹਾਵੜਾ ਮੇਲ ਇਕ ਘੰਟੇ ਅੰਦਰ ਦਿੱਲੀ ਸਟੇਸਨ ਪਹੁੰਚਣ ਵਾਲੀ ਸੀ। ਮੇਰਾ ਆਪਣੀ ਮੰਗਣੀ ਵਾਲੀ ਮੁੰਦਰੀ ਨੂੰ ਪਹਿਨਣ ਨੂੰ ਦਿਲ ਕੀਤਾ। ਸਹਿਜੇ ਨਾਲ ਮੈਂ ਆਪਣਾ ਸੂਟਕੇਸ ਉਪਰਲੇ ਬਰਥ ਤੋਂ ਹੇਠਾਂ ਉਤਾਰਿਆ। ਇਸ ਦੇ ਵਲੈਤੀ ਤਾਲਿਆਂ ਨੂੰ ਖੋਲ੍ਹਿਆ ਅਤੇ ਹੱਥ ਸਹਿਜ ਸੁਭਾ ਉਸ ਦੀਆਂ ਪਿਛਲੀਆਂ ਜੇਬਾਂ ਤੇ ਚਲਾ ਗਿਆ। ਮੈਂ ਹੱਕਾ ਬੱਕਾ ਰਹਿ ਗਿਆ ਜਦੋਂ ਮੇਰੇ ਹੱਥ ਵਿੱਚ ਕੋਈ ਮੁੰਦਰੀ ਨਾ ਆਈ। ਸੋਚਿਆ ਕਿਤੇ ਜੇਬਾਂ ਵਿਚੋਂ ਨਿਕਲ ਕੇ ਕਪੜਿਆਂ ਵਿੱਚ ਨਾ ਜਾ ਡਿਗੀ ਹੋਵੇ। ਫਿਰ ਘਬਰਾਹਟ ਵਿੱਚ ਇੱਕ ਇੱਕ ਕਰਕੇ ਆਪਣੀਆਂ ਪੈਂਟਾਂ ਅਤੇ ਕਮੀਜ਼ਾਂ ਬਾਹਰ ਕੱਢਣੀਆਂ ਸ਼ੁਰੂ ਕੀਤੀਆਂ ਪਰ ਮੁੰਦਰੀ ਕਿਧਰੇ ਨਾ ਮਿਲੀ। ਮੇਰਾ ਦਿਲ ਉਦਾਸ ਹੋਣ ਲਗ ਪਿਆ ਅਤੇ ਮੈਂ ਕਈ ਦੇਰ ਕਿਨਾਰੇ ਦੀ ਸੀਟ ਤੇ ਢੋਅ ਲਾ ਕੇ ਬੈਠਾ ਉਸ ਬਾਰੇ ਸੋਚਦਾ ਰਿਹਾ।

ਗੱਡੀ ਠੀਕ ਸਮੇਂ ਤੇ ਦਿੱਲੀ ਸਟੇਸ਼ਨ ਤੇ ਪਹੁੰਚ ਗਈ ਸੀ। ਇੱਥੇ ਉਸ ਨੇ 1-2 ਘੰਟੇ ਰੁਕਣਾ ਸੀ। ਮੈਂ ਇਸ ਉਤੇ ਸਫਰ ਕਰਕੇ ਦੂਸਰੇ ਦਿਨ ਸਵੇਰੇ ਆਪਣੇ ਸ਼ਹਿਰ ਪਹੁੰਚਣਾ ਸੀ।

ਮੇਰੇ ਮਨ ਵਿੱਚ ਕਈ ਤਰ੍ਹਾਂ ਦੇ ਖਿਆਲ ਆ ਜਾ ਰਹੇ ਸਨ। 'ਕੀ ਮੁੰਦਰੀ ਨੂੰ ਕਾਨਪੁਰ ਹੀ ਛੱਡ ਆਇਆ ਸੀ ਜਾਂ ਜਲਦੀ ਨਾਲ ਕਪੜੇ ਕੱਢਦੇ ਸਮੇਂ ਕਿਤੇ ਥੱਲੇ ਹੀ ਸੁੱਟ ਬੈਠਾ ਸੀ। ਹਾਂ, ਇਕ ਦੋ ਕਪੜੇ ਤਾਂ ਮੈਂ ਛਣਕੇ ਵੀ ਸਨ। ਹੋ ਸਕਦਾ ਹੈ ਕਿ ਉਹ ਕਿਤੇ ਖਿੜਕੀ ਰਾਹੀਂ ਬਾਹਰ ਡਿਗ ਪਈ ਹੋਵੇ। ਜੇ ਬਾਹਰ ਡਿਗ ਪਈ ਹੋਈ ਤਾਂ ਫਿਰ ਹੋ ਗਈ ਛੁੱਟੀ! ਬਾਹਰ ਤਾਂ ਰਾਤ ਦੇ ਸਮੇਂ ਨਜ਼ਰ ਆਉਣੀ ਮੁਸ਼ਕਲ ਸੀ।

ਮੈਂ ਸੀਟਾਂ ਥੱਲੇ ਜਗਾਹ ਦਾ ਚੱਪਾ ਚੱਪਾ ਛਾਣ ਮਾਰਿਆ ਪਰ ਕੁਝ ਹੱਥ ਪੱਲੇ ਨਾ ਪਿਆ। ਗੱਡੀ ਦੇ ਚਲਣ ਦਾ ਸਮਾਂ ਹੋ ਗਿਆ ਸੀ। ਲੋਕ ਮੱਖੀਆਂ ਵਾਂਗ ਗੱਡੀ ਵਿੱਚ ਦਾਖ਼ਲ ਹੋਣੇ ਸ਼ੁਰੂ ਹੋ ਗਏ। ਮੈਂ ਵੀ ਮੁਰਝਾਇਆ ਜਿਹਾ ਮੂਹ ਬਣਾ ਕੇ ਆਪਣੇ ਉਪਰਲੇ ਬਰਥ ਤੇ ਚੜ੍ਹ ਗਿਆ ਅਤੇ ਸੌਣ ਦੀ ਤਿਆਰੀ ਕਰਨ ਲਗਾ।

ਬਰਥ ਤੇ ਲੇਟ ਤਾਂ ਗਿਆ ਪਰ ਨੀਂਦ ਨਹੀਂ ਆ ਰਹੀ ਸੀ। ਇੰਜ ਲਗ ਰਿਹਾ ਸੀ ਜਿਵੇਂ ਕੋਈ ਪਾਪ ਕਰ ਦਿੱਤਾ ਹੋਵੇ। ਇਹ ਮੇਰੀ ਸ਼ਗਨ ਵਾਲੀ ਮੁੰਦਰੀ ਸੀ। ਵਿਆਹ ਹੋਏ ਨੂੰ ਹਾਲੇ 6-7 ਮਹੀਨੇ ਹੀ ਹੋਏ ਸਨ। ਹੁਣ ਮੈਨੂੰ ਇਸ ਗੱਲ ਦਾ ਫਿਕਰ ਖਾਣ ਲੱਗਾ ਕਿ ਮੇਰੀ ਪਤਨੀ ਅਤੇ ਸਹੁਰੇ ਘਰ ਵਾਲੇ ਮੇਰੇ ਬਾਰੇ ਕੀ ਸੋਚਣਗੇ।

ਅੱਧੀ ਰਾਤ ਨੂੰ ਮੈਂ ਇਕ ਵਾਰ ਫਿਰ ਉਠਿਆ ਅਤੇ ਸੀਟਾਂ ਦਾ ਆਸਾ ਪਾਸਾ ਦੇਖਿਆ। ਫਿਰ ਇੱਕ ਇੱਕ ਕਰਕੇ ਸੂਟਕੇਸ ਦੇ ਸਾਰੇ ਕਪੜੇ ਬਾਹਰ ਕੱਢੇ ਪਰ ਸਭ ਕੋਸ਼ਿਸ਼ ਫਜ਼ੂਲ ਨਿਕਲੀ। ਤਿੰਨ ਚਾਰ ਨੌਜਵਾਨ ਲੜਕੇ ਰੀਜ਼ਰਵੇਸ਼ਨ ਦੀ ਕੋਸ਼ਿਸ਼ ਕਰਦੇ ਕਰਦੇ ਅੱਕ ਚੁੱਕੇ ਸਨ ਅਤੇ ਹਾਰ ਹੁਟ ਕੇ ਵਿਚਲੀਆਂ ਸੀਟਾਂ ਵਾਲੀ ਜਗਾਹ ਤੇ ਫਸ ਫਸ ਕੇ ਸੌਂ ਗਏ ਸਨ। ਮੈਨੂੰ ਉਠਿਆ ਵੇਖ ਕੇ ਇਕ ਅਧਮੋਈ ਜਿਹੀ ਆਵਾਜ਼ ਵਿੱਚ ਬੋਲਿਆ, "ਕਿਉਂ ਭਾਈ, ਤੇਰਾ ਚੰਡੀਗੜ੍ਹ ਟੇਸ਼ਣ ਆ ਗਿਆ?"

"ਹਾਲੇ ਤਾਂ ਆਉਣ ਨੂੰ ਚਾਰ ਘੰਟੇ ਪਏ ਨੇ", ਮੈਂ ਜਆਬ ਦਿਤਾ। ਮੈਂ ਫਿਰ ਆਪਣੀ ਬਰਥ ਤੇ ਜਾ ਸੁੱਤਾ। ਪਤਾ ਨਹੀਂ ਕਦ ਨੀਂਦ ਨੇ ਆਣ ਘੇਰਿਆ।

ਇਕ ਝਟਕਾ ਲੱਗਾ ਅਤੇ ਮੈਂ ਬਾਹਰ ਦੇਖਿਆ। ਲੋਕ ਕਿਸੇ ਸਟੇਸ਼ਨ ਤੇ ਉਤਰ ਰਹੇ ਸਨ। ਅਚਾਨਕ ਖਿਆਲ ਆਇਆ ਕਿਤੇ ਮੇਰਾ ਸਟੇਸ਼ਨ ਨਾ ਆ ਗਿਆ ਹੋਵੇ। ਜਲਦੀ ਵਿੱਚ ਕਈ ਸੁੱਤੇ ਸਰੀਰਾਂ ਨੂੰ ਟੱਪਦਾ ਹੋਇਆ ਡੱਬੇ ਦੇ ਦਰਵਾਜ਼ੇ ਤੱਕ ਪਹੁੰਚਿਆ। ਗੱਡੀ ਠੀਕ ਸਮੇਂ ਤੇ ਚੰਡੀਗੜ੍ਹ ਸਟੇਸ਼ਨ ਤੇ ਆ ਪਹੁੰਚੀ ਸੀ। ਮੈਂ ਮਿੰਟਾਂ ਵਿੱਚ ਆਪਣਾ ਸਾਰਾ ਸਾਮਾਨ ਇਕਠਾ ਕੀਤਾ ਅਤੇ ਪਲੈਟਫਾਰਮ ਤੇ ਉੱਤਰਿਆ।

ਜਦੋਂ ਬੰਦਾ ਆਪਣੇ ਪਿੰਡ ਜਾਂ ਸ਼ਹਿਰ ਦੀ ਹੱਦ ਤੇ ਹੋਵੇ ਤਾਂ ਉਸ ਦਾ ਜੀਅ ਕਰਦਾ ਹੈ ਕਿ ਉਹ ਭੱਜ ਕੇ ਸਕਿੰਟਾਂ ਵਿੱਚ ਆਪਣੇ ਘਰ ਪਹੁੰਚ ਜਾਵੇ। ਸਟੇਸ਼ਨ ਦੇ ਬਾਹਰ ਦੋ ਲੋਕਲ ਬੱਸਾਂ ਸਵਾਰੀਆਂ ਦਾ ਇੰਤਜ਼ਾਰ ਕਰ ਰਹੀਆਂ ਸਨ ਪਰ ਮੈਂ ਆਟੋ ਰਿਕਸ਼ਾ ਵਿੱਚ ਘਰ ਜਾਣਾ ਪਸ਼ੰਦ ਕੀਤਾ। ਮੇਰੀ ਪਤਨੀ ਮੈਨੂੰ ਸਟੇਸ਼ਨ ਤੇ ਲੈਣ ਆਈ ਹੋਈ ਸੀ। ਸਰਦੀਆਂ ਦੇ ਦਿਨ ਸਨ। ਹੱਥ ਪੈਰ ਸੁੰਨ ਹੋ ਰਹੇ ਸਨ ਪਰ ਮੈਂ ਆਪਣੀਆਂ ਸੋਚਾਂ ਵਿੱਚ ਡੁੱਬਿਆ ਹੋਇਆ ਕਿਸੇ ਕਿਸਮ ਦੀ ਠੰਢ ਮਹਿਸੂਸ ਨਹੀਂ ਕਰ ਰਿਹਾ ਸੀ। 10-15 ਮਿੰਟਾਂ ਵਿੱਚ ਅਸੀਂ ਘਰ ਪਹੁੰਚੇ। ਹਨੇਰੇ ਵਿੱਚ ਦੋ ਦੋ ਰੁਪਏ ਦੇ ਨੋਟ ਵੀ ਇੱਕ ਇੱਕ ਦੇ ਹੀ ਨਜ਼ਰ ਆ ਰਹੇ ਸਨ। ਜਿੰਨਾ ਆਟੋ ਰਿਕਸ਼ਾ ਵਾਲੇ ਕੋਲੋਂ ਆਉਣ ਦਾ ਪੈਸਾ ਘੱਟ ਕਰਵਾਇਆ ਸੀ ਉਨਾ ਅਨੇਰੇ ਨੇ ਪੂਰਾ ਕਰ ਦਿੱਤਾ ਸੀ।

ਨਹਾਉਣ ਧੋਣ ਖਤਮ ਹੋਇਆ ਅਤੇ ਸੋਚਿਆ ਕਿ ਨਾਸ਼ਤਾ ਕਰਨ ਤੋਂ ਪਹਿਲਾਂ ਆਪਣੇ ਸਫਰ ਦਾ ਸਾਰਾ ਕਿੱਸਾ ਆਪਣੀ ਪਤਨੀ ਨੂੰ ਸੁਣਾ ਦੇਵਾਂ। ਸੋ ਮੈਂ ਪੂਰੀ ਰਾਮ ਕਥਾ ਸੁਣਾ ਕੇ ਹੀ ਸਾਹ ਲਿਆ। ਉਸ ਨੂੰ ਮੈਨੂੰ ਮਿਲਣ ਦੀ ਜ਼ਿਆਦਾ ਖੁਸ਼ੀ ਸੀ ਅਤੇ ਗੁਆਚੀ ਅੰਗੂਠੀ ਦੀ ਘੱਟ। ਸੋ ਦਿਲਾਸ਼ਾ ਦਿੰਦੀ ਬੋਲੀ, "ਚਲੋ ਛੱਡੋ ਪਰ੍ਹਾਂ, ਕਿਹੜਾ ਜਾਣ ਬੁੱਝ ਕੇ ਗੁਆਈ ਹੈ!" ਪਰ ਮੈਂ ਅੰਦਰੋ ਅੰਦਰ ਮਹਿਸੂਸ ਕਰ ਰਿਹਾ ਸਾਂ ਕਿ ਉਹ ਮੇਰੀ ਅਣਗਹਿਲੀ ਕਰਕੇ ਹੀ ਗੁਆਚੀ ਸੀ।

ਅਚਾਨਕ ਖਿਆਲ ਆਇਆ ਕਿ ਕਿਤੇ ਕਾਨਪੁਰ ਨਾ ਛੱਡ ਆਇਆ ਹੋਵਾਂ। ਸਫਰ ਦੇ ਸ਼ੁਰੂ ਕਰਨ ਤੋਂ ਇਕ ਦਿਨ ਪਹਿਲਾਂ ਡਰਾਇੰਗ ਰੂਮ ਦੀ ਸਫਾਈ ਕਰਵਾਈ ਸੀ ਅਤੇ ਉਸੇ ਰਾਤ ਅਟੈਚੀਕੇਸ਼ ਦੇ ਸਾਰੇ ਕਪੜੇ ਤਿਆਰ ਕੀਤੇ ਸਨ। ਕਿਤੇ ਅੰਗੂਠੀ ਕਪੜੇ ਰੱਖਦਿਆਂ ਅੰਗੀਠੀ ਤੇ ਨਾ ਰੱਖ ਦਿੱਤੀ ਹੋਵੇ। ਸਫਾਈ ਕਰਦਿਆ ਬਾਹਰ ਕੱਢੀ ਸੀ ਜਾਂ ਤਿਆਰੀ ਕਰਦਿਆਂ, ਇਸ ਦਾ ਭੁਲੇਖਾ ਸੀ। ਜੇ ਕਿਤੇ ਅੰਗੀਠੀ ਤੇ ਰੱਖੀ ਗਈ ਤਾਂ ਫਿਰ ਮਿਲਣੀ ਮੁਸ਼ਕਲ ਸੀ। ਸਫਾਈ ਜਮਾਦਾਰਨੀ ਕੋਲੋਂ ਕਰਵਾਈ ਸੀ ਅਤੇ ਜੇ ਉਸ ਦੀ ਨਿਗਾਹ ਅੰਗੀਠੀ ਤੇ ਪਈ ਹੋਵੇਗੀ ਤਾਂ ਸਮਝੋ ਰੱਬ ਰਾਖਾ, ਫਿਰ ਸੋਚਿਆ ਕਿ ਸਾਰੇ ਆਦਮੀ ਤਾਂ ਚੋਰ ਨਹੀਂ ਹੁੰਦੇ। ਸੋ ਜਿਉਂ ਹੀ ਮੈਂ ਆਪਣਾ ਨਾਸ਼ਤਾ ਖਤਮ ਕੀਤਾ ਆਪਣ ਗੁਆਂਢੀ ਦੋਸਤ ਨੂੰ ਐਕਸਪ੍ਰੈਸ ਤਾਰ ਦੇਣ ਚਲਾ ਗਿਆ ਕਿ ਉਹ ਮੇਰਾ ਕੁਆਟਰ ਖੋਲ੍ਹ ਕੇ ਅੰਗੀਠੀ ਨੂੰ ਦੇਖੇ ਅਤੇ ਜੇ ਅੰਗੂਠੀ ਮਿਲੇ ਤਾਂ ਮੇਰੀ ਵਾਪਸੀ ਤੱਕ ਸੰਭਾਲ ਕੇ ਆਪਣੇ ਪਾਸ ਰੱਖੇ।

ਮੈਨੂੰ ਇੰਜ ਲੱਗ ਰਿਹਾ ਸੀ ਕਿ ਮੇਰਾ ਗੁਆਂਢੀ ਮੇਰੀ ਤਾਰ ਮਿਲਦੇ ਹੀ ਮੇਰੇ ਘਰ ਦੀ ਤਲਾਸ਼ੀ ਕਰੇਗਾ ਅਤੇ ਅਗਲੇ ਦਿਨ ਮੁੰਦਰੀ

ਮਿਲ ਜਾਣ ਦੀ ਖਬਰ ਭੇਜੇਗਾ । ਮੈਂ ਕਈ ਵਾਰ ਆਪਣੀ ਪਤਨੀ ਨਾਲ ਮੁੰਦਰੀ ਦੀ ਸੁੰਦਰਤਾ ਦੀਆਂ ਗੱਲਾਂ ਕਰਦਾ । ਕਈ ਤਰ੍ਹਾਂ ਨਾਲ ਦਿਲ ਨੂੰ ਤਸੱਲੀ ਦਿੰਦਾ ਪਰ ਸ਼ਾਂਤੀ ਫਿਰ ਨਾ ਮਿਲਦੀ ।

ਮੇਰੀ ਛੁੱਟੀ ਖਤਮ ਹੋ ਗਈ ਅਤੇ ਮੈਂ ਮਿਥੀ ਤਰੀਕ ਦੇ ਮੁਤਾਬਿਕ ਪਤਨੀ ਨੂੰ ਨਾਲ ਲੈ ਕੇ ਕਾਨਪੁਰ ਚਲ ਪਿਆ । ਉਸ ਨੇ ਵਿਆਹ ਤੋਂ ਬਾਅਦ ਪਹਿਲੀ ਵਾਰ ਕਾਨਪੁਰ ਜਾਣਾ ਸੀ । ਹਰ ਔਰਤ ਨੂੰ ਆਪਣਾ ਦੂਸਰਾ ਘਰ ਦੇਖਣ ਦਾ ਬੜਾ ਸ਼ੌਕ ਹੁੰਦਾ ਹੈ । ਉਹ ਚਾਈਂ ਚਾਈਂ ਕਾਨ੍ਹਪੁਰ ਪਹੁੰਚਣ ਦਾ ਇੰਤਜ਼ਾਰ ਕਰ ਰਹੀ ਹੀ । ਜਿਉਂ ਹੀ ਅਸੀਂ ਆਪਣੇ ਕੁਆਟਰ ਪਹੁੰਚੇ, ਮੈਂ ਆਪਣੇ ਗੁਆਂਢੀ ਦੋਸਤ ਦੇ ਘਰ ਗਿਆ । ਉਸ ਨੇ ਦੱਸਿਆ ਕਿ ਮੇਰੀ ਤਾਰ ਮਿਲਦੇ ਹੀ ਉਸ ਨੇ ਅੰਗੀਠੀ ਦੀ ਤਲਾਸ਼ ਕੀਤੀ ਅਤੇ ਆਲੇ ਦੁਆਲੇ ਵੀ ਦੇਖਿਆ ਪਰ ਕੋਈ ਮੁੰਦਰੀ ਨਾ ਮਿਲੀ । ਗੱਲਾਂ ਗੱਲਾਂ ਵਿੱਚ ਪਤਾ ਲੱਗਾ ਕਿ ਜੋ ਔਰਤ ਮੇਰੇ ਘਰ ਦੀ ਸਫਾਈ ਕਰਦੀ ਸੀ, ਉਸ ਉੱਤੇ ਸ਼ੱਕ ਕੀਤੀ ਜਾ ਸਕਦੀ ਸੀ । ਉਸ ਬਾਰੇ ਪਹਿਲੇ ਕੁਆਟਰ ਵਾਲੇ ਵੀ ਕਹਿ ਰਹੇ ਸਨ ਕਿ ਉਨ੍ਹਾਂ ਦੇ ਇਕ ਦੋ ਸੋਨੇ ਦੇ ਨਗ ਚੋਰੀ ਹੋ ਗਏ ਸਨ ਪਰ ਉਨ੍ਹਾਂ ਪੁਲੀਸ ਨੂੰ ਰੀਪੋਰਟ ਨਹੀਂ ਕੀਤੀ ਸੀ । ਮੇਰਾ ਸ਼ੱਕ ਹੋਰ ਵੱਧ ਗਿਆ ਅਤੇ ਮੈਂ ਪੁਲਸ ਚੌਕੀ ਵਿੱਚ ਰੀਪੋਰਟ ਦਰਜ ਕਰਾਉਣ ਚਲਾ ਗਿਆ । ਪਰ ਜਿਵੇਂ ਪਤਾ ਹੀ ਸੀ, ਬਣਿਆ ਸਰਿਆ ਫਿਰ ਕੁਝ ਨਾ । ਵਾਧੂ ਦੀ ਗੁਆਚੀ ਮੁੰਦਰੀ ਦੀ ਖਬਰ ਮਾਰਕੀਟ ਦੀਆਂ ਦੁਕਾਨਾਂ ਤੱਕ ਫੈਲ ਗਈ ।

ਜਦੋਂ ਕੋਈ ਕੀਮਤੀ ਚੀਜ਼ ਗੁਮ ਹੋ ਜਾਵੇ ਤਾਂ ਆਦਮੀ ਘਰ ਦੀ ਹਰ ਚੀਜ਼ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ । ਕਈ ਵਾਰ ਤਾਂ ਚੰਗਾ ਭਲਾ ਪਤਾ ਵੀ ਹੁੰਦਾ ਹੈ ਕਿ ਉਸ ਵਿੱਚ ਕਦੇ ਨਹੀਂ ਰੱਖੀ ਗਈ ਪਰ ਮਨ ਨੂੰ ਸ਼ਾਂਤੀ ਨਹੀਂ ਮਿਲਦੀ ਜਦ ਤਕ ਸਭ ਚੀਜ਼ਾਂ ਉੱਥਲ ਪੁੱਥਲ ਕਰਕੇ ਨਾ ਦੇਖ ਲਈਆਂ ਜਾਣ । ਇਹੀ ਹਾਲ ਸੀ ਸਾਡੀ ਪਤਨੀ ਦਾ । ਮੈਂ ਦੂਸਰੇ ਦਿਨ ਦਫ਼ਤਰ ਗਿਆ ਅਤੇ ਉਸ ਨੇ ਘਰ ਦਾ ਕੋਨਾ ਕੋਨਾ ਢੂੰਡ ਮਾਰਿਆ ਪਰ ਹਾਰ ਕੇ ਅੱਕ ਗਈ ਸੀ ।

ਹੁਣ ਉਸ ਦੀਆਂ ਛੁਟੀਆਂ ਵੀ ਖਤਮ ਹੋ ਗਈਆਂ ਅਤੇ ਉਹ ਆਪਣੇ ਪੇਕੇ ਚਲੀ ਗਈ । 4-5 ਮਹੀਨਿਆਂ ਬਾਅਦ ਇੱਕ ਤਿਉਹਾਰ ਆਇਆ ਅਤੇ ਮੈਂ ਇਕ ਹਫ਼ਤੇ ਦੀ ਛੁੱਟੀ ਲੈ ਕੇ ਫਿਰ ਘਰ ਚਲ ਪਿਆ ।

ਕੰਮ ਦੇ ਰੁਝੇਵੇਂ ਕਰਕੇ ਅੰਗੂਠੀ ਦਾ ਕਿੱਸਾ ਭੁੱਲ ਚੁੱਕਾ ਸੀ । ਨਾ ਹੀ ਮੈਂ ਹੁਣ ਕਿਸੇ ਨੂੰ ਦੱਸ ਕੇ ਹਮਦਰਦੀ ਲੈਣਾ ਚਾਹੁੰਦਾ ਸੀ ।

ਇਸ ਵਾਰ ਫਿਰ ਕਾਲਕਾ ਹਾਵੜਾ ਗੱਡੀ ਵਿੱਚ ਰੀਜ਼ਰਵੇਸ਼ਨ ਮਿਲੀ । ਲੋਕ ਦੁਪਹਿਰ ਦਾ ਖਾਣਾ ਖਾ ਕੇ ਸੌਣੇ ਸ਼ੁਰੂ ਹੋ ਗਏ ਸਨ । ਥੋੜੀ ਦੇਰ ਬਾਅਦ ਮੈਂ ਪਾਖਾਨੇ ਵਲ ਨਿਕਲਿਆ ।

ਰਸਤੇ ਵਿੱਚ ਇਕ ਸੁੱਤੀ ਮੁਟਿਆਰ ਕੁੜੀ ਦੀ ਅੰਗੂਠੀ ਉਸ ਦੀ ਉਂਗਲ ਵਿਚੋਂ ਨਿਕਲ ਕੇ ਫਰਸ਼ ਤੇ ਡਿਗੀ ਹੋਈ ਸੀ ਅਤੇ ਉਹ ਖਿਸਕ ਖਿਸਕ ਕੇ ਆਣ ਜਾਣ ਵਾਲੇ ਰਾਹ ਤੱਕ ਆ ਪਹੁੰਚੀ ਸੀ ।

ਮੈਨੂੰ ਅਚਾਨਕ ਗੁਆਚੀ ਮੁੰਦਰੀ ਦੀ ਯਾਦ ਆਈ ਅਤੇ ਮੇਰਾ ਮਨ ਮਚਲ ਗਿਆ । ਮੈਂ ਇੱਧਰ ਉੱਧਰ ਵੇਖਿਆ । ਸਭ ਲੋਕ ਘੂਕ ਨੀਂਦ ਸੁੱਤੇ ਪਏ ਸਨ । ਪਹਿਲਾਂ ਤਾਂ ਸੋਚਿਆ ਕਿ ਹੱਥ ਨਾਲ ਹੀ ਅੰਗੂਠੀ ਉਠਾ ਲਵਾਂ ਅਤੇ ਚੁੱਪ ਚਾਪ ਆਪਣੀ ਜੇਬ ਵਿੱਚ ਪਾਕੇ ਚਲਦਾ ਬਣਾਂ ਪਰ ਨਾਲ ਦੀ ਖਿੜਕੀ ਦੇ ਸਾਹਮਣੇ ਇਕ ਬਾਬੂ ਬੜੇ ਧਿਆਨ ਨਾਲ ਕਿਤਾਬ ਪੜ੍ਹ ਰਿਹਾ ਸੀ । ਮੈਂ ਦੇਖਿਆ ਕਿ ਮੁੰਦਰੀ ਨੂੰ ਥੋੜਾ ਜਿਹਾ ਪੈਰ ਮਾਰ ਕੇ ਅੱਗੇ ਧਕੇਲ ਲਵਾਂ । ਮੈਨੂੰ ਉਠਾਂਦੇ ਨੂੰ ਕੋਈ ਨਹੀਂ ਦੇਖ ਸਕੇਗਾ ।

ਇਕ ਪਲ ਮੇਰਾ ਧਿਆਨ ਸੁੱਤੀ ਲੜਕੀ ਦੇ ਚਿਹਰੇ ਤੇ ਜਾਵੇ ਅਤੇ ਦੂਸਰੇ ਪਲ ਮੈਂ ਅੰਗੂਠੀ ਨੂੰ ਦੇਖਾਂ । ਕਦੇ ਕਦੇ ਮੇਰਾ ਦਿਲ ਕਰੇ ਕਿ ਮੈਂ ਇਸ ਸੁਨਹਿਰੀ ਮੌਕੇ ਨੂੰ ਨਾ ਗੁਆਵਾਂ । ਪੁਰਾਣਾ ਘਾਟਾ ਪੂਰਾ ਕਰਨ ਦਾ ਇਹੀ ਤਰੀਕਾ ਸੀ ।

ਪਰ ਇੱਕ ਸੈਕਿੰਡ ਬਾਅਦ ਕਿਸੇ ਅੰਦਰੂਨੀ ਆਵਾਜ਼ ਨੇ ਆਪਣਾ ਫੈਸਲਾ ਬਦਲ ਲਿਆ । ਉਸ ਦੇ ਅਨੁਸਾਰ ਮੈਨੂੰ ਇਨਸਾਨੀਅਤ ਦੇ ਨਾਤੇ ਮੁੰਦਰੀ ਉਠਾ ਕੇ ਲੜਕੀ ਨੂੰ ਵਾਪਸ ਦੇ ਦੇਣੀ ਚਾਹੀਦੀ ਸੀ ।

ਮੈਂ ਬੜੀ ਉਲਝਣ ਵਿੱਚ ਫਸ ਗਿਆ । ਚੰਚਲ ਮਨ ਬੋਲਿਆ, "ਕੀ ਦੁਨੀਆਂ ਵਿੱਚ ਈਮਾਨਦਾਰ ਬਣਨ ਦਾ ਮੈਂ ਹੀ ਠੇਕਾ ਲੈ ਰੱਖਿਆ ਹੈ ?"

ਅੰਦਰੂਨੀ ਆਵਾਜ਼ ਨੇ ਜੁਆਬ ਦਿੱਤਾ, "ਜੇ ਦੂਸਰੇ ਲੋਕ ਗਲਤ ਕੰਮ ਕਰਨ, ਤਾਂ ਕੀ ਤੁਹਾਨੂੰ ਵੀ ਜਾਣ ਬੁੱਝ ਕੇ ਗਲਤ ਕੰਮ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ ? ਕੀ ਸਾਡੇ ਵਰਗੇ ਪੜ੍ਹਿਆਂ ਲਿਖਿਆਂ ਅਤੇ ਉੱਚੇ ਅਹੁਦੇ ਤੇ ਬੈਠਿਆਂ ਦਾ ਸਾਮਾਜ ਦੇ ਅਨਭੋਲ ਅਤੇ ਸਿੱਧੇ ਸਾਧੇ ਲੋਕਾਂ ਲਈ ਕੋਈ ਫਰਜ਼ ਨਹੀਂ ਬਣਦਾ ?"

ਪਰ ਮੈਨੂੰ ਤਾਂ ਆਪਣੀ ਗੁਆਚੀ ਮੁੰਦਰੀ ਦੀ ਪਈ ਹੋਈ ਸੀ । ਸੋ ਮੈਂ ਸੋਚਿਆ ਕਿ ਐਸੇ ਸਮੇਂ ਆਦਰਸ਼ਾਂ ਦੀਆਂ ਗੱਲਾਂ ਕਰਨੀਆਂ ਅਤੇ ਸੋਚਣੀਆਂ ਬੇਕਾਰ ਸਨ । ਮੈਂ ਪੈਰ ਦੀਆਂ ਦੋ ਉਂਗਲੀਆਂ ਵਿੱਚ ਅੰਗੂਠੀ ਫਸਾ ਕੇ ਉਠਾ ਲੈਣੀ ਚਾਹੀ ਤਾਂ ਕਿ ਮੇਰੇ ਪਿਛੇ ਕੋਈ ਹੋਰ ਪਾਖਾਨੇ ਵਲ ਆਉਣ ਵਾਲਾ ਵਿਅਕਤੀ ਨਾ ਉਠਾ ਲਏ । ਸ਼ੈਤਾਨ ਮਨ ਜਿੱਤ ਚੁੱਕਾ ਸੀ । ਸੋ ਮੈਂ ਅੰਗੂਠੀ ਫਸਾ ਕੇ ਉਠਾਉਣ ਲੱਗਾ । ਅੰਦਰੂਨੀ ਆਵਾਜ਼ ਬੋਲੀ, "ਤੁਹਾਡੇ ਵਰਗੇ ਸਰਕਾਰੀ ਮੁਲਾਜ਼ਮਾਂ ਨੂੰ ਸ਼ੁਰੂ ਵਿੱਚ ਸੌਂਹ ਕਿਸ ਲਈ ਚੁਕਾਈ ਜਾਂਦੀ ਹੈ ?"

ਸ਼ੈਤਾਨ ਮਨ ਬੋਲਿਆ, ਸੌਂਹ ਤਾਂ ਸਾਰੇ ਹੀ ਖਾਂਦੇ ਹਨ ਪਰ ਕੀ ਸਾਰੇ ਈਮਾਨਦਾਰੀ ਨਾਲ ਫਰਜ਼ ਨਿਭਾਂਦੇ ਹਨ ? ਨਾਲੇ ਛੋਟੀਆਂ ਛੋਟੀਆਂ ਗੱਲਾਂ ਲਈ ਕਾਹਦੀ ਈਮਾਨਦਾਰੀ ?'

ਅੰਦਰੂਨੀ ਆਵਾਜ਼ ਕਾਫੀ ਦੁਰਬਲ ਹੋ ਚੁੱਕੀ ਸੀ ਪਰ ਮਰਨ ਤੋਂ ਇਕ ਵਾਰ ਪਹਿਲਾਂ ਜ਼ਰੂਰ ਉੱਚਾ ਬੋਲਣਾ ਚਾਹੁੰਦੀ ਸੀ । ਮੈਂ ਉਸ ਨੂੰ ਆਖਰੀ ਮੌਕਾ ਦਿੱਤਾ ।

ਉਹ ਗੂੰਜੀ, "ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ......" ਕਹਿੰਦੇ ਕਹਿੰਦੇ ਉਸ ਦੀ ਆਵਾਜ਼ ਵਿੱਚੇ ਹੀ ਰੁਕ ਗਈ । ਮੇਰੇ ਲਈ ਉਸ ਦਾ ਇੰਨਾ ਇਸ਼ਾਰਾ ਕਾਫੀ ਸੀ ।

ਮੈਂ ਸੁੱਤੀ ਲੜਕੀ ਨੂੰ ਜਗਾਇਆ । ਉਹ ਚੌਂਕ ਕੇ ਉੱਠੀ ਅਤੇ ਇਕ ਦਮ ਉਸ ਦੀ ਨਜ਼ਰ ਆਪਣੀ ਖਾਲੀ ਉਂਗਲੀ ਤੇ ਪਈ । ਮੈਂ ਉਸ ਨੂੰ ਅੰਗੂਠੀ ਉਠਾਂਉਣ ਲਈ ਕਿਹਾ । ਉਸ ਨੇ ਮੁੰਦਰੀ ਉਠਾਈ ਅਤੇ ਬਹੁਤ ਸ਼ੁਕਰਾਨੇ ਨਾਲ ਬੋਲੀ, "ਭਰਾਵਾ ! ਤੂੰ ਕਿੰਨਾ ਚੰਗਾ ਇਨਸਾਨ ਏਂ !" ਕਹਿ ਕੇ ਉਹ ਬੜੇ ਪਿਆਰ ਨਾਲ ਆਪਣੀ ਸੱਖਣੀ ਉਂਗਲੀ ਵਿੱਚ ਅੰਗੂਠੀ ਪਾਉਣ ਲੱਗੀ ।

ਮੈਂ ਉਸ ਦੇ ਸ਼ੁਭ ਵਚਨਾਂ ਦਾ ਜੁਆਬ ਦੇਣ ਤੋਂ ਅਸਮਰਥ ਸਾਂ । ਮੁਸਕਰਾ ਕੇ ਅੱਗੇ ਚਲਾ ਗਿਆ ।

★

# ਜਾਗ੍ਰਤੀ

## ਪੰਜਾਬ

ਜੂਨ, 1982

60-ਪੈਸੇ

## ਪ੍ਰਾਪਤੀਆਂ ਦੇ 2 ਸਾਲ



**ਹਰਿਆਣੇ ਦੀ ਪੰਜਾਬੀ ਸਾਹਿਤ ਨੂੰ ਦੇਣ**

## ਕਹਾਣੀ

# ਵੋਟ

–ਅਮਰਜੀਤ ਸਿੰਘ ਬਲਗੀਰ

**ਅੱਜ** ਚੋਣਾ ਦਾ ਦਿਨ ਸੀ। ਸਾਰੇ ਪਿੰਡ ਵਿਚ ਮੇਲੇ ਵਰਗਾ ਮਾਹੌਲ ਸੀ। ਪਿੰਡ ਦੇ ਬਜ਼ੁਰਗ, ਔਰਤਾਂ ਅਤੇ ਨੌਜਵਾਨ ਨਵੇਂ ਨਵੇਂ ਅਤੇ ਸਾਫ਼ ਕਪੜੇ ਪਹਿਨ ਕੇ ਸਕੂਲ ਵਲ ਜਾ ਰਹੇ ਸਨ ਜਿੱਥੇ ਸਭ ਨੇ ਵੋਟਾਂ ਪਾਉਣੀਆਂ ਸਨ। ਰਸਤੇ ਦੀਆਂ ਦੀਵਾਰਾਂ ਉੱਤੇ ਵੱਡੇ ਵੱਡੇ ਇਸ਼ਤਿਹਾਰ ਲੱਗੇ ਹੋਏ ਸਨ। ਕਿਤੇ ਤੱਕੜੀ ਦਾ, ਕਿਤੇ ਸ਼ੇਰ ਦਾ, ਕਿਤੇ ਪਿੱਪਲ ਦੇ ਪੇੜ ਦਾ ਅਤੇ ਕਿਤੇ ਪੰਜੇ ਦੇ ਚੋਣ ਨਿਸ਼ਾਨ ਦੇਖਣ ਵਿੱਚ ਆਉਂਦੇ। ਮੋਟੇ ਮੋਟੇ ਦ੍ਰਖਤਾਂ ਦੇ ਤਣਿਆਂ ਉਤੇ ਅਪੀਲਾਂ ਦੇ ਇਸ਼ਤਿਹਾਰ ਲੱਗੇ ਹੋਏ ਸਨ। ਕੁਝ ਪੰਜਾਬੀ ਵਿਚ, ਕੁਝ ਹਿੰਦੀ ਅਤੇ ਬਾਕੀ ਅੰਗਰੇਜ਼ੀ ਵਿੱਚ ਸਨ। ਬਜ਼ੁਰਗ ਕਦੇ ਆਪਣੀਆਂ ਐਨਕਾਂ ਲਾਹ ਕੇ ਅਤੇ ਕਦੇ ਲਗਾ ਕੇ ਪੋਸਟਰਾਂ ਨੂੰ ਪੜ੍ਹਦੇ। ਜ਼ਿਆਦਾ ਗਿਣਤੀ ਅਨਪੜ੍ਹ ਲੋਕਾਂ ਦੀ ਸੀ ਪਰ ਫਿਰ ਵੀ ਉਹ ਇੰਜ ਦਿਖਾਵਾ ਕਰਦੇ ਜਿਵੇਂ ਸਭ ਕੁਝ ਪੜ੍ਹ ਸਕਦੇ ਹੋਣ।

ਰਸਤੇ ਵਿਚ ਕਈ ਫਟੇ ਇਸ਼ਤਿਹਾਰ ਰੁਲ ਰਹੇ ਸਨ। ਕਈ ਬੱਚੇ ਸਿਆਣੇ ਲੋਕਾਂ ਤੋਂ ਅੱਖ ਚੁਰਾ ਕੇ ਕੰਧਾਂ ਤੇ ਲੱਗੇ ਇਸ਼ਤਿਹਾਰ ਉਤਾਰ ਰਹੇ ਸਨ ਤਾਂ ਕਿ ਆਪਣੀਆਂ ਕਿਤਾਬਾਂ ਦੀਆਂ ਜਿਲਦਾਂ ਤੇ ਚੜ੍ਹਾ ਸਕਣ। ਮੇਰੇ ਗੁਆਂਢੀ ਦੇ ਮੁੰਡੇ ਨੇ ਇਕ ਪਾਰਟੀ ਦਾ ਵੱਡਾ ਪੋਸਟਰ ਚੁਰਾਇਆ ਸੀ ਅਤੇ ਘਰ ਦੀ ਬੈਠਕ ਵਿੱਚ ਲਗਾਉਣ ਲਈ ਜ਼ਿਦ ਕਰ ਰਿਹਾ ਸੀ। ਉਸ ਦੀ ਮਾਂ ਵਾਰ ਵਾਰ ਚਿਪਕਾਉਣ ਤੋਂ ਮਨ੍ਹਾ ਕਰ ਰਹੀ ਸੀ। ਅਤੇ ਕਈ ਵਾਰ ਤਾਂ ਉਸਨੂੰ ਬਾਪੂ ਦੀ ਮਾਰ ਤੋਂ ਚਿਤਾਵਨੀ ਦਿੰਦੀ ਪਰ ਮੁੰਡਾ ਆਟੇ ਦੀ ਲੇਟੀ ਬਨਾਉਣ ਵਿੱਚ ਮਗਨ ਸੀ ਤਾਂ ਕਿ ਦੀਵਾਰ ਤੇ ਚੰਗੀ ਤਰ੍ਹਾਂ ਚਿਪਕਾ ਸਕੇ।

ਚੋਣਾ ਰਾਹੀਂ ਲੋਕਾਂ ਨੇ ਆਪਣੇ ਇਲਾਕੇ ਦੇ ਉਮੀਦਵਾਰ ਨੂੰ ਚੁਣਨਾ ਸੀ। ਅਕਾਲੀ, ਕਾਂਗਰਸ, ਜਨਤਾ, ਕੰਮਨਿਸਟ, ਸੋਸ਼ਲਿਸਟ, ਰੀਪਬਲੀਕਨ ਆਦਿਕ ਸਭ ਪਾਰਟੀਆਂ ਨੇ ਆਪਣੇ ਆਪਣੇ ਨੁਮਾਇੰਦੇ ਮੈਦਾਨ ਵਿੱਚ ਖੜੇ ਕੀਤੇ ਹੋਏ ਸਨ।

ਇਕ ਦੋ ਮਹੀਨੇ ਪਹਿਲਾਂ ਸਭ ਪਾਰਟੀਆਂ ਵਾਲਿਆਂ ਨੇ ਇਲਾਕੇ ਦੇ ਪਿੰਡਾਂ ਦੇ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ। ਕੋਈ ਨੇਤਾ ਜੀਪ ਲੈ ਕੇ ਆਉਂਦਾ ਅਤੇ ਕੋਈ ਵੈਨ ਲੈ ਕੇ ਆਉਂਦਾਂ। ਜੀਪਾਂ ਅਤੇ ਮੋਟਰਾਂ ਪਿੰਡ ਦੀਆਂ ਕੱਚੀਆਂ ਸੜਕਾਂ ਅਤੇ ਰਾਹਾਂ ਤੇ ਖੂਬ ਧੂੜ ਉਭਾਰਦੀਆਂ। ਸਾਰੇ ਸਾਲ ਵਿੱਚ ਇੰਨੀ ਧੂੜ ਨਹੀਂ ਉਡੀ ਸੀ ਜਿਨੀ ਚੋਣਾ ਦੇ ਦਿਨਾਂ ਵਿੱਚ ਉਡੀ ਸੀ।

ਪਹਿਲਾਂ ਪਹਿਲ ਅਕਾਲੀ ਪਾਰਟੀ ਦੇ ਜਥੇਦਾਰਾਂ ਨੇ ਪਿੰਡ ਦਾ ਦੌਰਾ ਲਾਉਣਾ ਸ਼ੁਰੂ ਕੀਤਾ। ਉਹ ਸਿੱਧੇ ਗੁਰਦਵਾਰੇ ਜਾਂਦੇ। ਛੋਟਾ ਜਿਹਾ ਪਿੰਡ ਸੀ। ਪਰ ਦੋ ਗੁਰਦਵਾਰੇ ਬਣ ਚੁੱਕੇ ਸਨ। ਤੀਸਰੇ ਦੀ ਇਮਾਰਤ ਖੜੀ ਹੋ ਰਹੀ ਸੀ। ਅਕਾਲੀ ਨੇਤਾ ਸਾਰੇ ਗੁਰਦੁਆਰਿਆਂ ਵਿੱਚ ਜਾਂਦੇ ਅਤੇ ਗੁਰੂਆਂ ਦੇ ਜੀਵਨ ਤੋਂ ਲੋਕਾਂ ਨੂੰ ਜਾਣੂ ਕਰਵਾਉਂਦੇ। ਭੋਗ ਪੈਣ ਤੋਂ ਬਾਅਦ ਗੱਲਾਂ ਗੱਲਾਂ ਵਿੱਚ ਵੋਟਾਂ ਦੀ ਗੱਲ ਵੀ ਕਰ ਛੱਡਦੇ।

ਕਾਂਗਰਸ ਪਾਰਟੀ ਦੇ ਵਰਕਰ ਪਹਿਲਾਂ ਫਿਲਮ ਦਿਖਾਉਂਦੇ। ਬਹੁਤ ਘੱਟ ਲੋਕਾਂ ਨੇ ਸ਼ਹਿਰ ਜਾ ਕੇ ਫਿਲਮਾਂ ਦੇਖੀਆਂ ਸਨ। ਸੋ ਅਗਲੀ ਸੀਟ ਮੱਲਣ ਲਈ ਆਮ ਲੜਾਈ ਹੁੰਦੀ। ਫਿਲਮ ਤੋਂ ਬਾਅਦ ਰੇਡੀਓ ਕਲਾਕਾਰਾਂ ਦੇ ਗੀਤ ਹੁੰਦੇ। ਉਸ ਤੋਂ ਬਾਅਦ ਖੜ੍ਹਾ ਹੋਇਆ ਨੇਤਾ ਆਪਣਾ ਭਾਸ਼ਨ ਦਿੰਦਾ। ਸਟੇਜ ਤੇ ਹਰ ਕੋਈ ਦੁੱਧ ਚਿੱਟੇ ਕਪੜੇ ਪਾਈ, ਟੋਪੀਆਂ ਅਤੇ ਪੱਗਾਂ ਬੰਨ੍ਹੀ ਨਜਰ ਆਉਂਦਾ।

ਕੌਮਨਿਸਟ ਪਾਰਟੀ ਵਾਲਿਆਂ ਨੇ ਥਾਂ ਥਾਂ ਡਰਾਮੇ ਅਤੇ ਨਾਟਕ ਕਰਨ ਤੇ ਜ਼ੋਰ ਦਿੱਤਾ ਹੋਇਆ ਸੀ। ਉਹ ਲੋਕਾਂ ਦੇ ਪਹਿਲੇ ਚੁਣੇ ਨੇਤਾਵਾਂ ਦੀ ਅਲੋਚਨਾ ਕਰਦੇ। ਵੱਧ ਰਹੇ ਭ੍ਰਿਸ਼ਟਾਚਾਰ ਤੋਂ ਲੋਕਾਂ ਨੂੰ ਜਾਣੂ ਕਰਵਾਉਂਦੇ ਅਤੇ ਫਿਰ ਆਪਣੇ ਖੜੇ ਨੁਮਾਇੰਦੇ ਲਈ ਲੋਕਾਂ ਤੋਂ ਸਹਿਯੋਗ ਮੰਗਦੇ।

ਇਸ ਤਰਾਂ ਹਰ ਪਾਰਟੀ ਆਪਣੇ ਆਪਣੇ ਕ੍ਰਿਸ਼ਮੇ ਦਿਖਾਉਂਦੀ ਅਤੇ ਸਿੱਧੇ ਸਾਦੇ ਲੋਕਾਂ ਨੂੰ ਆਪਣੀ ਆਪਣੀ ਪਾਰਟੀ ਦੀਆਂ ਸਿਫਤਾਂ ਸੁਣਾ ਕੇ ਆਪਣੇ ਉਮੀਦਵਾਰ ਨੂੰ ਵੋਟ ਪਾਉਣ ਲਈ ਪ੍ਰੇਰਦੀ।

ਜਿਵੇਂ ਜਿਵੇਂ ਚੋਣਾ ਵਾਲਾ ਦਿਨ ਨੇੜੇ ਆਉਂਦਾ ਗਿਆ ਤਿਵੇਂ ਤਿਵੇਂ ਵੱਖ ਵੱਖ ਪਾਰਟੀਆਂ ਦੇ ਵਰਕਰਾਂ ਨੇ ਪਿੰਡ ਵਿਚ ਬਸੇਰਾ ਕਰਨਾ ਸ਼ੁਰੂ ਕਰ ਦਿੱਤਾ। ਹਰੀਜਨ ਨੇਤਾ, ਹਰੀਜਨ ਬਸਤੀ ਵਿਚ ਡੇਰੇ ਲਾਈ ਬੈਠਾ ਸੀ। ਕਾਂਗਰਸ ਵਾਲਾ ਕਦੇ ਸਰਪੰਚ ਦੇ ਘਰ ਅਤੇ ਕਦੇ ਠੇਕੇਦਾਰ ਦੇ ਘਰ ਦਾ ਪ੍ਰਾਹੁਣਾ ਬਣਦਾ। ਕੌਮਨਿਸਟ ਪਾਰਟੀ ਵਾਲਾ ਆਪਣੇ ਕਾਮਰੇਡ ਦੋਸਤ ਦੇ ਘਰ ਰਹਿੰਦਾ। ਅਕਾਲੀ ਨੇਤਾ ਅਤੇ ਵਰਕਰਜ਼ ਗੁਰਦਵਾਰੇ ਦੇ ਲਾਗੇ ਦੀ ਬੈਠਕ ਵਿੱਚ ਆਪਣੀ ਛਾਉਣੀ ਪਾਈ ਬੈਠੇ ਸਨ।

ਪਿੰਡ ਵਿੱਚ ਤਾਂ ਹਾਲੇ ਵੀ ਇਕ ਦਾ ਪ੍ਰਹੁਣਾ ਸਭ ਦਾ ਪ੍ਰਹੁਣਾ ਗਿਣਿਆਂ ਜਾਂਦਾ ਹੈ। ਸੋ ਲੋਕ ਵੱਖ ਵੱਖ ਪਾਰਟੀਆਂ ਦੇ ਵਰਕਰਾਂ ਦੀ ਤਨ ਮਨ ਨਾਲ ਸੇਵਾ ਕਰਦੇ ਅਤੇ ਉਨ੍ਹਾਂ ਦੇ ਨੇੜੇ ਹੋ ਕੇ ਚਿਹਰੇ ਦੇਖਣ ਜਾਂਦੇ। ਜਿਉਂ ਜਿਉਂ ਚੋਣਾ ਦਾ ਦਿਨ ਨਜ਼ਦੀਕ ਆਉਂਦਾ ਗਿਆ, ਤਿਉਂ ਤਿਉਂ ਪਿੰਡ ਵਿੱਚ ਬੱਕਰੇ, ਕੁਕੜ ਅਤੇ ਸ਼ਰਾਬ ਦੀ ਕੀਮਤ ਵੱਧਦੀ ਗਈ।

ਹਾਲੇ ਸੋਸ਼ਲਿਸਟ ਪਾਰਟੀ ਵਾਲਿਆਂ ਨੇ ਪਿੰਡ ਦਾ ਫੇਰਾ ਨਹੀਂ ਮਾਰਿਆ ਸੀ। ਇਕ ਦਿਨ ਉਹ ਵੀ ਰਾਤ ਨੂੰ ਪਿੰਡ ਦਾ ਵੱਡਾ ਥੜਾ ਮਲ ਕੇ ਬੈਠ ਗਏ ਅਤੇ ਭਾਰੀ ਕਾਨਫਰੰਸ ਕੀਤੀ। ਭਾਸ਼ਣ ਵਿੱਚ ਸ਼ੇਰ ਦੇ ਚੋਣ ਨਿਸ਼ਾਨ ਤੇ ਮੋਹਰ ਲਾਣ ਤੇ ਜ਼ੋਰ ਦਿਤਾ ਗਿਆ। ਨਾਲ ਨਾਲ ਲੋਕਾਂ ਨੂੰ ਆਪਣੀ ਬਰਾਦਰੀ ਵਾਲੇ ਨੇਤਾ ਨੂੰ ਵੋਟ ਪਾਉਣ ਲਈ ਸਲਾਹ ਦਿਤੀ ਗਈ। ਸਾਰੇ ਲੋਕ ਨੇਤਾ ਦੇ ਭਾਸ਼ਨ ਤੋਂ ਬੜੇ ਪ੍ਰਭਾਵਿਤ ਹੋਏ ਸਨ। ਪਿੰਡ ਦੇ ਬਜ਼ੁਰਗ ਖੁਲ੍ਹੇ ਆਮ ਕਹਿ ਰਹੇ ਸਨ, "ਭਾਈ, ਆਖਰਕਾਰ ਆਪਣਾ ਆਪਣਾ ਹੀ ਹੁੰਦਾ ਹੈ। ਪਰਾਏ ਨੂੰ ਜਿੰਨਾ ਮਰਜ਼ੀ ਦੁੱਧ ਪਿਲਾਈਏ, ਫਿਰ ਵੀ ਪਰਾਇਆ ਹੀ ਹੁੰਦਾ ਹੈ।"

ਪਿੰਡ ਵਿੱਚ ਸਭ ਤੋਂ ਜ਼ਿਆਦਾ ਵਸੋਂ ਸੈਣੀ ਬਰਾਦਰੀ ਦੀ ਸੀ। ਦੂਸਰੇ ਨੰਬਰ ਤੇ ਰਾਜਪੂਤ ਸਨ ਅਤੇ ਤੀਸਰੇ ਨੰਬਰ ਤੇ ਹਰੀਜਨ ਸਨ। ਬਾਕੀ ਸੰਖਿਆ

(ਬਾਕੀ ਪੰਨਾ 9 ਤੇ)

# ਪੰਜਾਬੀ ਸਾਹਿਤ ਨੂੰ ਹਰਿਆਣੇ ਦੀ ਦੇਣ


- ਜਗਦੀਸ਼ ਪ੍ਰਸ਼ਾਦ ਕੌਸ਼ਿਕ

**ਸਾਹਿਤ** ਸਿਰਜਣਾਂ ਦੇ ਕੰਮ ਨੂੰ ਕਿਸੇ ਸੀਮਾਂ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ। ਲੇਖਕ ਕਿਸੇ ਵੀ ਭਾਸ਼ਾ ਵਿੱਚ ਲਿਖਦਾ ਹੋਵੇ, ਉਹ ਜੇ ਉਸ ਭਾਸ਼ਾ ਦੇ ਖੇਤਰ ਤੋਂ ਦੂਰ ਭੀ ਰਹਿੰਦਾ ਹੈ, ਤਾਂ ਇਹ ਨਹੀਂ ਹੋ ਸਕਦਾ ਕਿ ਉਹ ਅਪਣੀ ਭਾਸ਼ਾ ਦੇ ਸਾਹਿਤ ਦੀ ਸਿਰਜਣਾ ਨਾ ਕਰ ਸਕੇ, ਹਾਂ ਇਹ ਜ਼ਰੂਰ ਮੰਨਣਾ ਪਏਗਾ, ਕਿ ਉਸ ਭਾਸ਼ਾ ਦੇ ਖੇਤਰ ਵਿੱਚ ਰਹਿਕੇ ਉਸ ਖੇਤਰ ਦੇ ਰਸਮ-ਰਿਵਾਜ਼, ਸਭਿਆਚਾਰ ਆਦਿ ਦਾ ਪ੍ਰਭਾਵ ਕਬੂਲ ਕਰਨ ਕਰਕੇ ਉਹ ਰਚਨਾ ਜ਼ਿਆਦਾ ਅਸਰਦਾਰ ਬਣ ਜਾਂਦੀ ਹੈ। ਪੰਜਾਬ ਦੀ ਵੰਡ ਹੋਈ। ਇੱਕ ਨਵੰਬਰ 1966 ਨੂੰ ਹਰਿਆਣਾ ਪ੍ਰਾਂਤ ਨਕਸ਼ੇ ਉਤੇ ਉਭਰਿਆ। ਆਬਾਦੀ ਦੀ ਘਟ ਗਿਣਤੀ ਪੰਜਾਬੀ ਬੋਲਣ ਵਾਲੀ ਰਹਿ ਗਈ। ਪੰਜਾਬੀ ਭਾਸ਼ਾ ਉਤੇ ਰਾਜਨੀਤੀ ਦਾ ਭੀ ਮਾਰੂ ਪ੍ਰਭਾਵ ਪਿਆ। ਭਾਸ਼ਾ ਦੇ ਵਿਕਾਸ ਦੇ ਵਸੀਲੇ, ਸਕੂਲਾਂ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਤੋਂ ਹੇਠਾਂ ਲਿਆਕੇ ਤੀਜੀ ਭਾਸ਼ਾ ਦਾ ਦਰਜ਼ਾ ਦੇ ਦਿੱਤਾ। ਇਸ ਘਾਤਕ ਨੀਤੀ ਦੇ ਨਤੀਜੇ ਤਾਂ ਆਉਣ ਵਾਲੀ ਪੀੜ੍ਹੀ ਨੂੰ ਹੀ ਭੁਗਤਣੇ ਪੈਣਗੇ। ਵਰਤਮਾਨ ਪੀੜੀ ਦੇ ਜਿਹੜੇ ਪੰਜਾਬੀ ਲੇਖਕ ਸਾਹਿਤ ਸਿਰਜਣਾ ਵਿਚ ਲੱਗੇ ਹੋਏ ਹਨ, ਉਹਨਾਂ ਦਾ ਉੱਦਮ, ਅਤੇ ਘਾਲਾਂ ਸ਼ਲਾਘਾ ਯੋਗ ਹਨ। ਇਸ ਲੇਖ ਵਿੱਚ ਅਸੀਂ ਹਰਿਆਣੇ ਵਿੱਚ ਰਚੇ ਗਏ ਸਾਹਿਤ ਦਾ ਵਰਨਣ ਕਰ ਰਹੇ ਹਾਂ। ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਕੇ ਲੇਖ ਨਾਲ ਇਨਸਾਫ਼ ਕੀਤਾ ਜਾਵੇ, ਪਰ ਫੇਰ ਵੀ ਘਾਟਾਂ ਰਹਿ ਜਾਣੀਆਂ ਸੰਭਵ ਹਨ, ਜਿਸ ਲਈ ਅਸੀਂ ਖਿਮਾਂ ਦੇ ਜਾਚਕ ਹਾਂ।

ਸਾਹਿਤ ਦੇ ਖੇਤਰ ਵਿੱਚ ਹਰਿਆਣਾ ਪ੍ਰਾਂਤ ਵਿੱਚ ਜ਼ਿਆਦਾ ਕੰਮ ਕਵਿਤਾ ਦੇ ਖੇਤਰ ਵਿੱਚ ਹੋਇਆ ਹੈ। ਇਸ ਲਈ ਅਸੀਂ ਪਹਿਲਾਂ ਕਵਿਤਾ ਦੇ ਖੇਤਰ ਦੀ ਗੱਲ ਕਰਾਂਗੇ।

ਸੁਮੇਰ ਹਰਿਆਣੇ ਦਾ ਉਹ ਪੰਜਾਬੀ ਕਵੀ ਹੈ, ਜਿਸ ਨੇ ਦਰਵਾਜ਼ਾ ਪੁਸਤਕ ਰਾਹੀਂ ਕਵਿਤਾ ਦੇ ਖੇਤਰ ਵਿੱਚ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਪੁਸਤਕ ਨੂੰ ਸਰਕਾਰੀ ਤੌਰ ਤੇ ਸਨਮਾਨਿਆ ਗਿਆ ਹੈ। ਸੁਮੇਰ ਦੀ ਕਵਿਤਾ ਦਾ ਰੰਗ ਦਾਰਸ਼ਨਿਕ ਹੈ; ਜਿਸ ਕਾਰਣ ਉਹ ਆਮ ਪਾਠਕ ਦੀ ਸਮਝ ਤੋਂ ਦੂਰ ਹੋਕੇ ਹੀ ਰਹਿ ਗਈ ਹੈ। ਉਸ ਦੀ ਪੰਜਾਬੀ ਜਗਤ ਨੂੰ ਦੂਜੀ ਦੇਣ ਹੈ, "ਜ਼ਿੰਦਗੀ ਤੇ ਮੌਤ।" ਹਰਿਆਣੇ ਦੇ ਪੰਜਾਬੀ ਸਾਹਿਤ ਵਿੱਚ ਸੁਮੇਰ ਦੀ ਆਪਣੀ ਇੱਕ ਥਾਂ ਹੈ। ਹਰਭਜਨ ਸਿੰਘ ਕੋਮਲ ਇੱਕ ਪ੍ਰਗਤੀਵਾਦੀ ਧਾਰਾ ਦਾ ਆਸ਼ਿਕ ਕਵੀ ਹੈ। ਉਸ ਦੀ ਕਵਿਤਾ ਸਮਾਜ ਦੇ ਦਬੇ ਕੁਚਲੇ ਵਰਗ ਦੀ ਰਾਹ ਨੁਮਾਈ ਕਰਦੀ ਪ੍ਰਤੀਤ ਹੁੰਦੀ ਹੈ। ਉਸ ਨੇ ਤਿੰਨ ਕਾਵਿ ਸੰਗ੍ਰਹਿ ਪੰਜਾਬੀ ਪਾਠਕਾਂ ਨੂੰ ਦਿੱਤੇ ਹਨ। 'ਪੁੰਗਰ ਪੁੰਗਰ ਬੂਣਿਆ' 'ਸੂਰਜ ਤੇ ਸਾਗਰ' ਅਤੇ 'ਮੁਖ ਬੰਦ'। ਮੁਖਬੰਦ ਅਕਾਦਮੀ ਵਲੋਂ ਪੁਰਸਕਾਰ ਲਈ ਚੁਣੀ ਗਈ ਹੈ। ਉਸ ਦਾ ਸਫਰ ਨਾਮਾ 'ਮਿੱਤਰਾਂ ਦੇ ਘਰ' ਵੀ ਇੱਕ ਸਫਲ ਰਚਨਾ ਹੈ। ਸਿਰਸੇ ਦੇ ਹਰਭਜਨ ਸਿੰਘ ਰੇਣੂੰ ਦੀਆਂ ਕਵਿਤਾਵਾਂ ਨੂੰ ਪੜ੍ਹਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਵੀ ਨੂੰ ਆਮ ਪਾਠਕ ਨਾਲ ਜੁੜਣ ਲਈ ਅਪਣੀ ਗੱਲ ਕਹਿਣ ਦੀ ਚੰਗੀ ਜਾਚ ਹੈ। ਉਸ ਨੇ ਦੋ ਨਤਕਾ ਝੁੱਖ ਅਤੇ ਅਗਨ ਪੰਖੇਰੂ ਲਿਖੀਆਂ ਹਨ। ਅਗਨ ਪੰਖੇਰੂ ਨੂੰ ਸਰਕਾਰ ਵਲੋਂ ਇਨਾਮ ਭੀ ਪ੍ਰਾਪਤ ਹੋ ਚੁਕਿਆ ਹੈ। ਪ੍ਰੋ: ਹਿੰਮਤ ਸਿੰਘ ਸੋਢੀ ਦੀਆਂ ਦੋ ਕਾਵਿ ਪੁਸਤਕਾਂ ਗਿਣਤੀ ਮਿਣਤੀ ਤੇ ਅਗਮ ਨਿਗਮ ਨੇ ਪੰਜਾਬੀ ਲੇਖਨ ਖੇਤਰ ਵਿੱਚ ਵਾਧਾ ਤਾਂ ਜ਼ਰੂਰ ਕੀਤਾ ਹੈ, ਪਰ ਇਹਨਾਂ ਵਿਚਲੀਆ ਕਵਿਤਾਵਾਂ ਪਾਠਕ ਦੇ ਮਨ ਤੇ ਕੋਈ ਵਿਸ਼ੇਸ਼ ਪ੍ਰਭਾਵ ਛੱਡ ਸਕਣ ਇਹ ਕਹਿਣਾ ਮੁਸ਼ਕਿਲ ਹੈ। ਡਾ. ਈਸ਼ਰ ਸਿੰਘ ਤਾਂਘ ਦੀਆ ਪੁਸਤਕਾਂ' ਕੱਚ ਦੀ ਕੁੜੀ' ਕਿਸ਼ਤਾਂ ਵਿੱਚ ਮੌਤ, ਆਦਿ ਨੂੰ ਪੜ੍ਹਕੇ ਇਹ ਹੀ ਪ੍ਰਭਾਵ ਬਣਦਾ ਹੈ, ਕਿ ਲੇਖਕ ਨੂੰ ਗੱਲ ਕਹਿਣ ਦੀ ਜਾਂਚ ਤਾਂ ਹੈ, ਪਰ ਕਈ ਥਾਵਾਂ ਤੇ ਉਹ ਪਟੜੀ ਤੋਂ ਉਤਰ ਕੇ ਕਿਸੇ ਦੂਜੇ ਰਾਹ ਹੀ ਪੈ ਗਿਆ ਜਾਪਦਾ ਹੈ। ਦਿਆਲ ਚੰਦ ਮਿਗਲਾਨੀ ਸਟੇਜੀ ਕਵੀ ਦੇ ਤੌਰ ਤੇ ਤਾਂ ਦੂਰ ਦੂਰ ਤੱਕ ਮਸ਼ਹੂਰ ਹੈ ਹੀ, ਪਰ ਉਸ ਦੀ ਕਾਵਿ ਪੁਸਤਕ 'ਮੈਂ ਵਣਜਾਰਾ ਵਕਤ ਦਾ' ਜਿਸ ਨੂੰ ਭਾਸ਼ਾ ਵਿਭਾਗ ਹਰਿਆਣਾ ਵਲੋਂ ਇਨਾਮ ਮਿਲ ਚੁੱਕਿਆ ਹੈ, ਨੇ ਮਿਗਲਾਨੀ ਨੂੰ ਸਾਹਿਤ ਦੇ ਖੇਤਰ ਵਿੱਚ ਅੱਗੇ ਲਿਆਕੇ ਖੜਾ ਕਰ ਦਿੱਤਾ ਹੈ। ਹਰੀ ਸਿੰਘ ਜਾਚਕ ਪੁਰਾਣੀ ਪੀੜ੍ਹੀ ਦਾ ਆਗੂ ਲੇਖਕ ਹੈ। ਉਸ ਨੇ ਪ੍ਰੇਮ ਭੇਟ, ਅਤੇ ਸੈਨਤਾਂ ਪੁਸਤਕਾਂ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਕੀਤੀ। ਉਸ ਨੂੰ ਅਕਾਦਮੀ ਪੁਰਸਕਾਰ ਵੀ ਮਿਲ ਚੁਕਿਆ ਹੈ। ਉਸ ਦੀਆਂ ਕਵਿਤਾਵਾਂ ਵਿਚ ਅਪਣੇ ਸਮੇਂ ਦਾ ਪ੍ਰਭਾਵ ਦਿਖਾਈ ਪੈਂਦਾ ਹੈ 'ਗੁਰੂ ਨਾਨਕ ਉਪਕਾਰ, ਉਸ ਦੀ ਉੱਤਮ ਰਚਨਾ ਮੰਨੀ ਜਾ ਸਕਦੀ ਹੈ,। ਮਾਨ ਸਿੰਘ ਹਕੀਰ, ਤਖ਼ਲੁੱਸ ਵਲੋਂ ਉਹ ਹਕੀਰ (ਨਮਾਣਾ) ਹੈ, ਪਰ ਪੰਜਾਬੀ ਸਾਹਿਤ ਨੂੰ ਉਸ ਹਕੀਰ ਨੇ ਉਹ ਤੋਹਫੇ ਦਿੱਤੇ, ਜਿਹਨਾਂ ਸਦਕਾ ਪੰਜਾਬੀ ਸਾਹਿਤ ਕਾਫ਼ੀ ਅਮੀਰ ਹੋ ਗਿਆ। ਉਸ ਦੀ ਕਵਿਤਾ ਇੱਕ ਸੰਦੇਸ਼ ਹੈ, ਕੁੱਝ ਕਰਨ ਦਾ ਸੰਕੇਤ ਹੈ। ਆਮ ਪਾਠਕ ਉਸ ਤੋਂ ਆਨੰਦ ਮਾਣ ਸਕਦਾ ਹੈ। ਉਸ ਨੇ ਕੁਰਬਾਨੀਆਂ ਦੀ ਮਹਿਕ, ਤ੍ਰਿਕਾਲਾਂ, ਉਪਕਾਰ, ਉਦਾਸ ਮੌਸਮ, ਕਾਵਿ ਸੰਗ੍ਰਿਹਿ ਸਾਨੂੰ ਦਿੱਤੇ ਹਨ।

ਉਸ ਦੀ ਰਚਨਾ ਮਨ ਤੋਂ ਮਨ ਤੱਕ, ਨੂੰ ਅਕਾਦਮੀ ਪੁਰਸਕਾਰ ਪ੍ਰਾਪਤ ਹੋ ਚੁੱਕਿਆ ਹੈ। ਦਰਸ਼ਨ ਨੱਤ ਨੇ 'ਅਕਸ' ਨਾਮਕ ਕਵਿਤਾ ਸੰਗ੍ਰਹਿ ਭੇਂਟ ਕਰਕੇ ਹੀ ਪੰਜਾਬੀ ਕਾਵਿ ਜਗਤ ਵਿੱਚ ਅਪਣੀ ਨਵੇਕਲੀ ਥਾਂ ਬਣਾ ਲਈ ਹੈ। ਉਸ ਦੀਆਂ ਕਵਿਤਾਵਾਂ



ਲੇਖਕ

ਸਮੇਂ ਦੀ ਰਫਤਾਰ ਦੇ ਨਾਲ ਚੱਲਣ ਵਾਲੀਆਂ ਕਹੀਆਂ ਜਾ ਸਕਦੀਆਂ ਹਨ। ਨੌਜੁਆਨ ਕਵੀ ਆਤਮ ਜੀਤ ਸਿੰਘ ਥੋੜਾ ਲਿਖਦਾ ਹੈ ਪਰ ਉਸ ਨੇ ਜੋ ਕੁੱਝ ਲਿਖਿਆ, ਉਹ ਕਿੰਨਾ ਸਾਰਥਕ ਹੈ, ਇਸ ਦਾ ਸਬੂਤ ਉਸ ਦੇ ਅਣ-ਛਪੇ ਕਾਵਿ ਸੰਗ੍ਰਹਿ 'ਅਵੱਗਿਆ' ਨੂੰ ਭਾਸ਼ਾ ਵਿਭਾਗ ਹਰਿਆਣੇ ਵਲੋਂ ਦਿੱਤੇ ਪੁਰਸਕਾਰ ਤੋਂ ਹੀ ਮਿਲ ਸਕਦਾ ਹੈ। ਉਹ ਸਮਾਜ ਅਤੇ ਰਾਜਨੀਤੀ ਦੇ ਕੋਝ ਨੂੰ ਨੰਗਾ ਕਰਨ ਵਿੱਚ ਕਾਫੀ ਸਫਲ ਕਿਹਾ ਜਾ ਸਕਦਾ ਹੈ। ਰਤਨ ਸਿੰਘ ਢਿਲੋਂ ਨੇ 'ਮਾਰੂਥਲ' ਕਾਵਿ ਸੰਗ੍ਰਹਿ ਰਾਹੀਂ ਪੰਜਾਬੀ ਕਾਵਿ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਸ ਨੌਜੁਆਨ ਕਵੀ ਦੀ ਅਪਣੀ ਇੱਕ ਨਵੇਕਲੀ ਸ਼ੈਲੀ ਹੈ। ਅਪਣੇ ਪ੍ਰਯੋਗ ਹਨ। ਦੀਦਾਰ ਸਿੰਘ ਇੱਕ ਉਹ ਨਾਂ ਹੈ, ਜਿਸ



ਉਤੇ ਪੰਜਾਬੀ ਜਗਤ ਨੂੰ ਮਾਣ ਹੈ। ਉਸਨੇ ਸੁਮੇਲ ਕਾਵਿ ਨਿਰਤ ਨਾਟਕ, ਕਿੱਸਾ ਸ਼ਹੀਦ ਭਗਤ ਸਿੰਘ, ਈਦਾਂ ਵਿਸ ਭਰੀਆਂ 'ਘਾਇਲ ਸਧਰਾਂ ਆਦਿ ਕਾਵਿ ਰਚਨਾਵਾਂ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੈ। ਪ੍ਰੋ. ਰਮੇਸ਼ ਕੁਮਾਰ ਨੇ 'ਬੌਨੀਆਂ ਕਿਰਣਾਂ', 'ਕਾਵਿ ਸੰਗ੍ਰਹਿ ਸਾਨੂੰ ਅਰਥਾਤ ਪੰਜਾਬੀ ਪਾਠਕਾਂ ਨੂੰ ਦਿੱਤਾ, ਪੁਸਤਕ ਦਾ ਨਾਂ ਬੌਨੀਆਂ ਕਿਰਣਾ ਹੈ, ਪਰ ਇਸ ਦਾ ਪਾਠਕ ਇਸ ਵਿਚਲੀਆਂ ਕਵਿਤਾਵਾਂ ਤੋਂ ਸੂਰਜ ਦੀ ਤਪਸ, ਚੰਨ ਦੀ ਕੋਮਲਤਾ ਅਤੇ ਮਿਠਾਸ ਦਾ ਰਸ ਮਾਣੇਂ ਬਿਨਾਂ ਨਹੀਂ ਰਹਿ ਸਕਦਾ। ਸੁਰਿੰਦਰ ਸਾਗਰ ਦਾ ਚਿੰਤਨ ਅਪਣੇ ਉਪਨਾਮ ਸਾਗਰ ਵਾਂਗ ਹੀ ਬੜਾ ਗਹਿਰਾ ਅਤੇ ਗੰਭੀਰ ਹੈ. ਉਸ ਦੀ ਰਚਨਾ ਰੋਸ਼ਨ ਕਿਰਣਾਂ, ਪ੍ਰੀਤ ਸੁਨੇਹਾ, ਇਸ ਤੱਥ ਦੇ ਜਿਉਂਦੇ ਸਬੂਤ ਹਨ। ਪ੍ਰੋ. ਗੁਰਦਿਆਲ ਸਿੰਘ ਸਹਿਮੀ ਕੋਮਲ ਭਾਵਨਾਵਾਂ ਦਾ ਮਾਲਿਕ ਕਵੀ ਹੈ। ਉਹ ਜਦੋਂ ਤਰਨੁੰਮ ਵਿੱਚ ਕਵਿਤਾ ਪਾਠ ਕਰਦਾ ਹੈ ਤਾਂ ਸਰੋਤੇ ਕੀਲੇ ਜਾਂਦੇ ਹਨ। ਲੂਣਾਂ ਇੱਕ ਅਧਿਐਨ ਉਸ ਦੀ ਸਫਲ ਰਚਨਾ ਹੈ। ਇਸ ਤੋਂ ਇਲਾਵਾ ਭਗਤ ਸਿੰਘ ਭਗਤ, ਊਧਮ ਸਿੰਘ ਆਜ਼ਾਦ, ਭਗਵੰਤ ਸਿੰਘ ਆਜ਼ਾਦ, ਬੀ. ਐਸ. ਮਿੱਤਰਾ, ਤਾਰਾ ਸਿੰਘ ਕੋਮਲ, ਜੱਗਾ ਸਿੰਘ ਵਿਰਕ, ਅਜੀਤ ਸਿੰਘ ਅਜੀਤ, ਹਰਭਜਨ ਸਿੰਘ ਸਰਨਾ, ਪ੍ਰੋ. ਹਰਜੀਤ ਸਿੰਘ ਸੱਧੋਰ, ਪਵਨ ਸਮੀਰ, ਗੁਰਚਰਨ ਸਿੰਘ ਛੀਨਾ, ਕਾਬਲ ਸਿੰਘ ਵਿਰਕ, ਸੁਖਚੈਨ ਭੰਡਾਰੀ, ਜੈ ਸਿੰਘ ਪਰਵਾਨਾ, ਇਕਬਾਲ ਕਪੂਰ, ਜਗਦੀਸ਼ ਪ੍ਰਸ਼ਾਦਿ ਕੌਸ਼ਿਕ ਆਦਿ ਕਵੀ ਵੀ ਕਾਵਿ ਖੇਤਰ ਵਿੱਚ ਅਪਣਾ ਭਰਪੂਰ ਯੋਗਦਾਨ ਦੇ ਰਹੇ ਹਨ। ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਗੁਲਦਸਤਾ' ਵਿਚ ਭੀ ਬਹੁਤ ਸਾਰੇ ਕਵੀਆਂ ਨੇ ਸਹਿਯੋਗ ਦਿੱਤਾ ਹੈ।

## ਕਹਾਣੀ

ਕਹਾਣੀ ਦੇ ਖੇਤਰ ਵਿੱਚ ਹਰਿਆਣਾ ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਿਤ ਪੁਸਤਕ 'ਸੁਰਸਤੀ ਕੰਢੇ' ਵਿੱਚ ਜਿਸ ਨੂੰ ਪ੍ਰਸਿੱਧ ਕਹਾਣੀਕਾਰ ਸ੍ਰੀ ਰਾਜ ਸ਼ਰਮਾ ਨੇ ਐਡਿਟ ਕੀਤਾ ਹੈ, ਸ਼ਾਮਿਲ ਕੀਤੀਆਂ ਕਹਾਣੀਆਂ ਨੂੰ ਪੜ੍ਹਕੇ ਇਹ ਮਨਣਾ ਪਵੇਗਾ ਕਿ ਕਹਾਣੀ ਦੇ ਖੇਤਰ ਵਿੱਚ ਵੀ ਹਰਿਆਣੇ ਦੇ ਪੰਜਾਬੀ ਲੇਖਕ ਕਾਫੀ ਅੱਗੇ ਪੁੱਜ ਗਏ ਹਨ। ਪਰ ਛਪਣ ਪੱਖੋਂ ਅਜੇ ਇਸ ਖੇਤਰ ਵਿੱਚ ਕਾਫੀ ਘਾਟ ਹੈ। ਇਸ ਖੇਤਰ ਵਿੱਚ ਜਿਹੜੇ ਲੇਖਕਾਂ ਨੂੰ ਲਿਆ ਜਾ ਸਕਦਾ ਹੈ, ਉਹਨਾਂ ਵਿੱਚ ਸ੍ਰੀ ਰਾਜ ਸ਼ਰਮਾ ਦਾ ਨਾਂ ਪਹਿਲੇ ਨੰਬਰ ਤੇ ਲਿਆ ਜਾ ਸਕਦਾ ਹੈ। ਉਹਨਾਂ ਨੇ "ਆਂਦਰਾਂ ਦਾ ਸਾਕ," "ਤੇੜਾਂ", 'ਨਵੇਂ ਮੰਦਰ', 'ਜੀਭ ਦਾ ਰਸ', 'ਨਰਕ ਦੇ ਕੀੜੇ' ਤੇ ਅਰਬੋ ਖਰਬੋ ਕਹਾਣੀ ਸੰਗ੍ਰਹਿ ਪੰਜਾਬੀ ਪਾਠਕਾਂ ਨੂੰ ਦਿੱਤੇ ਹਨ। ਰਾਜ ਸ਼ਰਮਾ ਦੀ ਕਹਾਣੀ ਕਲਾ ਕਹਾਣੀ ਦੇ ਸਮੁੱਚੇ ਤੱਤਾਂ ਨੂੰ ਆਪਣੇ ਅੰਦਰ ਸਮੋਏ ਹੋਏ ਹੈ। ਰਾਜ ਨੇ ਕਹਾਣੀ ਲੇਖਕਾਂ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ, ਜਿਹੜੀ ਆਉਣ ਵਾਲੇ ਲੇਖਕਾਂ ਨੂੰ ਇੱਕ ਪ੍ਰੇਰਣਾ ਦਿੰਦੀ ਰਹੇਗੀ। ਸਤਨਾਮ ਸਿੰਘ ਬੰਧਵੀ ਦਾ ਕਹਾਣੀ ਸੰਗ੍ਰਹਿ 'ਸੜਕ ਗਵਾਹ ਹੈ' ਕਹਾਣੀ ਜਗਤ ਦੀ ਇੱਕ ਵਿਸ਼ੇਸ਼ ਪ੍ਰਾਪਤੀ ਕਿਹਾ ਜਾ ਸਕਦਾ ਹੈ। ਉਸ ਦੀ ਸ਼ੈਲੀ ਦੀ ਨਵੀਨਤਾ ਨੂੰ ਦੇਖ ਕੇ ਉਸ ਦੀ ਕਲਮ ਨੂੰ ਚੁੰਮਣ ਦਾ ਦਿਲ ਕਰ ਆਉਂਦਾ ਹੈ। ਜਾਚਕ ਦਾ ਕਹਾਣੀ ਸੰਗ੍ਰਹਿ 'ਪਵਿੱਤਰ ਸਧਰਾਂ', ਉਸ



ਦੇ ਜੀਵਨ ਅਨੁਭਵਾਂ ਨੂੰ ਚੰਗੀ ਤਰ੍ਹਾਂ ਪ੍ਰਗਟਾਉਣ ਵਿੱਚ ਸਫਲ ਮੰਨਿਆ ਜਾ ਸਕਦਾ ਹੈ। ਪੁੰਗਰਦੇ ਨੌਜੁਆਨ ਕਹਾਣੀ ਲੇਖਕ ਸੁਰਜੀਤ ਸਿੰਘ ਸੁਰਜੀਤ ਨੇ 'ਡੇਢ ਰੰਗੀ ਚਿੱਠੀ', ਲਿਖਕੇ ਜਿਥੇ ਸਾਹਿਤ ਜਗਤ ਵਿੱਚ ਅਪਣਾ ਸਥਾਨ ਬਣਾ ਲਿਆ ਹੈ, ਉਥੇ ਉਸ ਤੋਂ ਇਹ ਵੀ ਆਸ ਰੱਖੀ ਜਾ ਸਕਦੀ ਹੈ ਕਿ ਉਹ ਕਹਾਣੀ ਖੇਤਰ ਵਿੱਚ ਹੋਰ ਵੀ ਚਮਤਕਾਰ ਦਿਖਾਏਗਾ।

ਜਗਦੀਸ਼ ਪ੍ਰਸ਼ਾਦਿ ਕੌਸ਼ਿਕ ਦਾ ਭਾਵੇਂ ਕੋਈ ਕਹਾਣੀ ਸੰਗ੍ਰਹਿ ਛਪ ਨਹੀਂ ਸਕਿਆ, ਪਰ ਉਸ ਦੀਆਂ ਦਰਜਨ ਤੋਂ ਵੱਧ ਕਹਾਣੀਆਂ ਉੱਚ ਕੋਟੀ ਦੇ ਰਸਾਲਿਆਂ ਵਿੱਚ ਛਪ ਚੁੱਕੀਆਂ ਹਨ, ਇੰਜ ਹੀ ਅਣਛਪੇ (ਪੁਸਤਕ ਰੂਪ ਵਿਚ) ਲੇਖਕ ਮਹਿੰਦਰ ਸਿੰਘ ਸਚਦੇਵਾ, ਸੋਹਣ ਸਿੰਘ ਹੰਸ, ਬੀ. ਐਸ. ਮਿੱਤਰਾ, ਆਦਿ ਵੀ ਕਹਾਣੀ ਲਿਖਣ ਵਿੱਚ ਯੋਗਦਾਨ ਦੇ ਰਹੇ ਹਨ।

## ਸਫ਼ਰਨਾਮੇ

ਸਫ਼ਰਨਾਮਾ ਤਦ ਹੀ ਲਿਖਿਆ ਜਾ ਸਕਦਾ ਹੈ, ਜਦੋਂ ਕੋਈ ਸਫ਼ਰ ਕੀਤਾ ਜਾਵੇ। ਪੰਜਾਬੀ ਦੇ ਲੇਖਕਾਂ ਵਿੱਚ ਘੱਟ ਹੀ ਅਜਿਹੇ ਸੱਜਣ ਹਨ, ਜਿਹਨਾਂ ਨੂੰ ਸਫ਼ਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ। ਇਸ ਦਿਸ਼ਾ ਵਿੱਚ ਸਾਡੀਆਂ ਨਜ਼ਰਾਂ ਵਿਚ ਦੋ ਹੀ ਲੇਖਕ ਆਏ ਹਨ, ਪ੍ਰੋ. ਆਸਾ ਸਿੰਘ, ਅਤੇ ਹਰਭਜਨ ਸਿੰਘ ਕੋਮਲ। ਆਸਾ ਸਿੰਘ ਨੇ ਦੋ ਸਫ਼ਰਨਾਮੇ ਕਲਮਬੰਦ ਕੀਤੇ ਹਨ, ਕੋਮਲ ਨੇ ਮਿੱਤਰਾਂ ਦੇ


ਘਰ, ਇੱਕ ਸਫਰਨਾਮਾ। ਦੋਹਾਂ ਲੇਖਕਾਂ ਦੀ ਸ਼ੈਲੀ ਸ਼ਲਾਘਾ ਯੋਗ ਹੈ। ਭਾਸ਼ਾ ਆਮ ਪਾਠਕ ਦੇ ਸਮਝ ਵਿੱਚ ਆਉਣ ਵਾਲੀ ਹੈ। ਇਹਨ੍ਹਾਂ ਨੂੰ ਪੜ੍ਹਕੇ ਪਾਠਕ ਨੂੰ ਬਹੁਤ ਜਾਣਕਾਰੀ ਮਿਲਦੀ ਹੈ।

### ਨਾਟਕ

ਇਸ ਖੇਤਰ ਵਿੱਚ ਅਜੇ ਵਰਣਨ ਯੋਗ ਕੰਮ ਨਹੀਂ ਹੋਇਆ। ਸੁਖਚੈਨ ਭੰਡਾਰੀ ਨੇ ਕਾਫੀ ਉੱਦਮ ਕੀਤਾ ਹੈ। ਉਹਨਾਂ ਦੇ ਲਘੂ ਨਾਟਕ ਕਾਫੀ ਚਰਚਿਤ ਰਹੇ ਹਨ। ਜਗਦੀਸ਼ ਪ੍ਰਸਾਦਿ ਕੋਸ਼ਿਕ ਨੇ ਕੁੱਝ ਇਕਾਂਗੀ ਅਤੇ ਸੰਗੀਤ ਰੂਪਕ ਲਿਖੇ, ਜਿਹੜੇ ਪੈਸੇ ਦੀ ਘਾਟ ਕਾਰਣ ਪੁਸਤਕ ਰੂਪ ਨਹੀਂ ਲੈ ਸਕੇ। ਉਸ ਦਾ ਰੂਪ ਰਾਣੀ ਸ਼ਕੁੰਤਲਾ ਬਹੁ ਚਰਚਿਤ ਸੰਗੀਤ ਰੂਪਕ ਹੈ, ਜਿਹੜਾ ਜਲੰਧਰ ਰੇਡਿਓ ਤੋਂ ਬ੍ਰਾਡਕਾਸਟ ਹੋ ਚੁੱਕਿਆ ਹੈ।

### ਆਲੋਚਨਾ ਤੇ ਖੋਜ

ਆਲੋਚਨਾ ਦੇ ਖੇਤਰ ਵਿੱਚ ਡਾ. ਈਸ਼ਰ ਸਿੰਘ ਤਾਂਘ, ਡਾ. ਓ. ਪੀ. ਗੁਪਤਾ, ਭਗਵਾਨ ਦਾਸ ਮਜਬੂਰ ਅਤੇ ਪ੍ਰੋ. ਸਾਹਿਬ ਅਰਸ਼ੀ ਦਾ ਨਾਂ ਲਿਆ ਜਾ ਸਕਦਾ ਹੈ। ਡਾ. ਓ. ਪੀ. ਗੁਪਤਾ ਦੀਆਂ 'ਅਨੁਭੂਤੀਆਂ', ਪੁਸਤਕ ਵਿਸ਼ੇਸ਼ ਮਹੱਤਵ ਰੱਖਦੀ ਹੈ। ਭਗਵਾਨ ਦਾਸ ਮਜਬੂਰ ਅਤੇ ਸਾਹਿਬ ਸਿੰਘ ਅਰਸ਼ੀ ਨੇ ਮਿਲਕੇ 'ਸੁਖਮਨੀ ਸਾਹਿਬ ਦਾ ਅਲੋਚਨਾਤਮਕ ਅਧਿਐਨ' ਪੁਸਤਕ ਲਿਖੀ, ਜਿਹੜੀ ਅਪਣੇ ਮਨੋਰਥ ਵਿੱਚ ਸਫਲ ਕਹੀ ਜਾ ਸਕਦੀ ਹੈ। ਦੋਹਾਂ ਲੇਖਕਾਂ ਦੀ ਸ਼ੈਲੀ ਇੱਕ ਵਿਲੱਖਣਤਾ ਸਮੋਏ ਹੋਏ ਹੈ। ਭਗਵਾਨ ਦਾਸ ਮਜਬੂਰ ਦੀ ਪੁਸਤਕ 'ਭਾਈ ਵੀਰ ਸਿੰਘ ਦੇ ਨਾਵਲਾਂ ਦੇ ਨਾਰੀ ਪਾਤਰ', ਪੰਜਾਬੀ ਸਾਹਿਤ ਖੋਜ ਜਗਤ ਨੂੰ ਇੱਕ ਉੱਤਮ ਦੇਣ ਹੈ। ਉਸਨੇ ਜੈਤਸਰੀ ਦੀ ਵਾਰ, ਦੇ ਵੀ ਆਲੋਚਨਾਤਮਕ ਵਿਚਾਰ ਰਖੇ ਹਨ।



### ਨਾਵਲ

ਸੋਹਣ ਸਿੰਘ ਹੰਸ ਨੇ 'ਕਾਰੇ ਹੱਥੀਂ', ਨਾਵਲ ਲਿਖਿਆ ਹੈ। ਹੰਸ ਵਿਲੱਖਣ ਪ੍ਰਤਿਭਾ ਦਾ ਮਲਿਕ ਹੈ। ਇਸ ਨਾਵਲ ਤੇ ਫਿਲਮ ਬਨਾਉਣ ਦਾ ਵਿਚਾਰ ਹੋ ਰਿਹਾ ਹੈ। ਧਰਤੀ ਦੀ ਖੁਸ਼ਬੂ, ਕਲਸੀਆ ਲਹਿਰ, ਉਸ ਦੀਆਂ ਹੋਰ ਰਚਨਾਵਾਂ ਵੀ ਪੰਜਾਬੀ ਸਾਹਿਤ ਦਾ ਵਿਰਸਾ ਮੰਨੀਆਂ ਜਾ ਸਕਦੀਆਂ ਹਨ। ਰਾਜ ਸ਼ਰਮਾ ਦਾ ਨਾਵਲ "ਥੱਕਿਆ ਹੋਇਆ ਆਦਮੀ" ਹਰਿਆਨਾ ਭਾਸ਼ਾ ਵਿਭਾਗ ਤੋਂ ਇਨਾਮ ਪ੍ਰਾਪਤ ਕਰ ਚੁਕਿਆ ਹੈ। ਧਿਆਨ ਦੇਣ ਦੀ ਗੱਲ ਹੈ, ਕਿ ਨਾਵਲ ਦੇ ਖੇਤਰ ਵਿੱਚ ਅਜੇ ਹਰਿਆਣੇ ਵਿਚ ਪ੍ਰਸੰਸ਼ਾ ਯੋਗ ਕੰਮ ਨਹੀਂ ਹੋ ਸਕਿਆ।

### ਵਿਅੰਗ

ਵਿਅੰਗ ਦੀ ਦਿਸ਼ਾ ਵਿੱਚ ਹਰਿਆਣੇ ਵਿੱਚ ਅਜ ਤੱਕ ਮੁੱਖ ਰੂਪ ਵਿੱਚ ਜਗਦੀਸ਼ ਪ੍ਰਸਾਦਿ ਕੌਸ਼ਿਕ ਦਾ ਨਾਂ ਹੀ ਲਿਆ ਜਾ ਸਕਦਾ ਹੈ। ਉਸਨੇ ਵਿਅੰਗ ਦੀ ਦਿਸ਼ਾ ਨੂੰ ਇਕ ਨਵਾਂ ਮੋੜ ਦਿੱਤਾ ਹੈ। ਉਸ ਦੇ 150 ਤੋਂ ਵੱਧ ਵਡੇ ਛੋਟੇ ਵਿਅੰਗ ਭਾਰਤ ਦੇ ਪ੍ਰਮੁੱਖ ਸਰਕਾਰੀ ਅਤੇ ਗੈਰ ਸਰਕਾਰੀ ਰਸਾਲਿਆਂ ਤੇ ਅਖਬਾਰਾਂ ਵਿੱਚ ਛਪ ਚੁੱਕੇ ਹਨ। ਉਸ ਦੇ ਵਿਅੰਗ ਲੇਖ ਬਿਦੇਸ਼ਾਂ ਵਿੱਚ ਵੀ ਬੜੇ ਆਦਰ ਨਾਲ ਛਪ ਰਹੇ ਹਨ। ਉਸ ਦੇ ਵਿਅੰਗਾਂ ਵਿੱਚ ਸਮਾਜ ਅਤੇ ਰਾਜਨੀਤੀ ਦੇ ਕੋਝ ਤੋਂ ਪਰਦਾ ਉਠਾਇਆ ਪ੍ਰਗਟ ਹੁੰਦਾ ਹੈ। ਉਸ ਦੀ ਇੱਕ ਪੁਸਤਕ ਮੁਖੌਟੇ, ਅਗਲੇ ਮਹੀਨੇ ਪਾਠਕਾਂ ਦੇ ਹੱਥਾਂ ਵਿਚ ਆ ਰਹੀ ਹੈ।

### ਪ੍ਰੈਸ

ਹਰਿਆਣੇ ਵਿਚ 'ਪੂਜਾ' ਫਰੀਦਾਬਾਦ ਤੋਂ ਮਾਸਿਕ ਰਸਾਲੇ ਦੇ ਰੂਪ ਵਿੱਚ ਬਕਾਇਦਗੀ ਨਾਲ ਛਪ ਰਿਹਾ ਹੈ ਜਿਹੜਾ ਨਿਰੋਲ ਸਾਹਿਤਕ ਪਰਚਾ ਹੈ। ਕਰਨਾਲ ਤੋਂ ਦੋਮਾਸਿਕ "ਸੁਮੇਲ" ਅਤੇ ਮਾਸਿਕ 'ਅਮਰ ਗਿਆਨ ਅਤੇ ਮਾਸਿਕ 'ਨਿਰਲੇਪ ਪੱਤ੍ਰਕਾ' ਵੀ ਸਾਹਿਤ ਦੀ ਸੇਵਾ ਕਰ ਰਹੇ ਹਨ।

ਹਰਿਆਣੇ ਦੇ ਪੰਜਾਬੀ ਲੇਖਕਾਂ ਤੋਂ ਬਹੁਤ ਉਮੀਦਾਂ ਹਨ। ਉਹ ਦਿਨ ਦੂਰ ਨਹੀਂ ਜਦੋਂ ਹਰਿਆਣੇ ਦਾ ਪੰਜਾਬੀ ਸਾਹਿਤ ਵਿਸ਼ਵ ਦੀਆਂ ਹੋਰ ਭਾਸ਼ਾਵਾਂ ਦੇ ਸਾਹਿਤ ਦੇ ਮੁਕਾਬਲੇ ਵਿੱਚ ਖੜਾ ਹੋਵੇਗਾ।

---

(ਪੰਨਾ 6 ਦੀ ਬਾਕੀ)

ਨੇਮ ਵਾਂਗ ਕੀਰਤਨ ਸੋਹਲੇ ਦਾ ਪਾਠ ਕਰ ਚੁੱਕੀ ਸੀ। ਸੋਚਿਆ ਕਿ ਸੌਣ ਤੋਂ ਪਹਿਲਾਂ ਮਾਂ ਨੂੰ ਵੀ ਸੁਆਲ ਕਰ ਹੀ ਲਵਾਂ।


"ਮਾਂ, ਕਲ੍ਹ ਤੁਸੀਂ ਵੋਟ ਕਿਸਨੂੰ ਪਾਈ?" ਮੈਂ ਪੁੱਛਿਆ। ਉਹ ਸ਼ਾਂਤ ਮਨ ਨਾਲ ਬੋਲੀ, "ਬੇਟਾ, ਬਾਬੇ ਨਾਨਕ ਦੀ ਪਾਰਟੀ ਨੂੰ।"

"ਪਰ ਮਾਂ, ਗੁਰੂ ਨਾਨਕ ਸਾਹਿਬ ਨੇ ਤਾਂ ਕੋਈ ਪਾਰਟੀ ਨਹੀਂ ਬਣਾਈ ਸੀ। ਉਨ੍ਹਾਂ ਤਾਂ ਸਿਰਫ ਸਿੱਖ ਧਰਮ ਦੀ ਨੀਂਹ ਰੱਖੀ ਸੀ। ਕੀ ਤੇਰੀਆਂ ਮੋਟੀਆਂ ਮੋਟੀਆਂ ਪੋਥੀਆਂ ਇੰਜ ਨਹੀਂ ਬੋਲਦੀਆਂ?"

ਉਹ ਪ੍ਰੇਮ ਨਾਲ ਬੋਲੀ "ਪਗਲਿਆ, ਗੁਰੂ ਸਾਹਿਬਾਂ ਅਕਾਲੀ ਪਾਰਟੀ ਸਾਰੇ ਜੱਗ ਦਾ ਸੁਧਾਰ ਕਰਨ ਲਈ ਤਾਂ ਖੜ੍ਹੀ ਕੀਤੀ ਸੀ।

ਮੈਂ ਚੁੱਪ ਰਹਿਣਾ ਠੀਕ ਸਮਝਿਆ ਪਰ ਮਨ ਹੀ ਮਨ ਵਿੱਚ ਜ਼ਹਿਰ ਵਾਂਗ ਘੁਲ ਰਿਹਾ ਸਾਂ ਕਿ ਸਾਡੇ ਪੜ੍ਹਿਆਂ ਲਿਖਿਆਂ ਦੀ ਚੁੱਪ ਬੇਸਮਝੀ ਅਤੇ ਕਾਇਰਤਾ ਦੀ ਨਿਸ਼ਾਨੀ ਬਣ ਗਈ ਸੀ। ਕੁਝ ਚਿਰ ਬਾਅਦ ਰਾਤ ਦੀ ਰਾਣੀ ਨੇ ਮੈਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਜਦੋਂ ਚੋਣਾ ਦਾ ਨਤੀਜਾ ਨਿਕਲਿਆ ਤਾਂ ਜੋ ਉਮੀਦਵਾਰ ਸਾਡੇ ਇਲਾਕੇ ਨੇ ਚੁਣਿਆਂ ਸੀ ਉਹ ਬਿਲਕੁਲ ਅਨਪੜ੍ਹ ਸੀ। ਦੂਸਰੀ ਵਾਰ ਜਦੋਂ ਮੈਂ ਪਿੰਡ ਦਾ ਚੱਕਰ ਮਾਰਿਆ ਤਾਂ ਹੈਰਾਨੀ ਹੋਈ ਕਿ ਪਿੰਡ ਦਿਆਂ ਨੂੰ ਆਪਣੇ ਚੁਣੇ ਉਮੀਦਵਾਰ ਦਾ ਨਾਂ ਤਕ ਵੀ ਯਾਦ ਨਹੀਂ ਸੀ। ਨਾ ਹੀ ਉਮੀਦਵਾਰ ਨੇ ਦੁਬਾਰਾ ਪਿੰਡ ਆਉਣ ਦੀ ਖੇਚਲ ਕੀਤੀ ਸੀ।


ਆਰਸੀ
ਦਸੰਬਰ, 1982
60 ਪੈਸੇ

ਜਿਉਂ ਹੀ ਰਾਤ ਹੋਣੀ ਸ਼ੁਰੂ ਹੁੰਦੀ, ਗੁਆਂਢੀਆਂ ਦੇ ਨਿਆਣੇ ਦਾਦੀ ਮਾਂ ਦੇ ਮੰਜੇ ਕੋਲ ਝੁਰਮੁਟ ਪਾਉਣਾ ਸ਼ੁਰੂ ਕਰ ਦਿੰਦੇ। ਉਹ ਸਾਨੂੰ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੀ। ਕਈ ਤਾਂ ਰਾਜੇ ਰਾਣੀਆਂ ਦੀਆਂ ਹੁੰਦੀਆਂ ਅਤੇ ਕਈ ਗਰੀਬ ਲੋਕਾਂ ਦੀਆਂ। ਕਦੇ ਉਹ ਬੁਝਾਰਤਾਂ ਪਾਉਂਦੀ। ਅਸੀਂ ਸਾਰੇ ਰਲ ਕੇ ਆਪਣਾ ਆਪਣਾ ਦਿਮਾਗ ਲਗਾਉਂਦੇ ਅਤੇ ਹੱਲ ਲੱਭਣ ਲਈ ਕੋਸ਼ਿਸ਼ ਕਰਦੇ। ਜਦੋਂ ਸਭ ਥੱਕ ਜਾਂਦੇ ਤਾਂ ਉਹ ਆਪੇ ਹੀ ਜੁਆਬ ਦਸਦੀ। ਅਸੀਂ ਉਸਦੀ ਅਕਲ ਅਤੇ ਸਮਝ ਦੀ ਦਾਦ ਦਿੱਤੇ ਬਗੈਰ ਨਾ ਰਹਿ ਸਕਦੇ।

ਕਦੇ ਕਦੇ ਦਾਦੀ ਮਾਂ ਭੂਤ ਪ੍ਰੇਤਾਂ ਦੀਆਂ ਕਹਾਣੀਆਂ ਸੁਣਾਂਦੀ। ਜਦੋਂ ਅੰਧੇਰਾ ਜ਼ਿਆਦਾ ਹੋ ਜਾਂਦਾ ਤਾਂ ਅਸੀਂ ਆਪੋ ਆਪਣੇ ਪਰਛਾਵਿਆਂ ਤੋਂ ਵੀ ਡਰਨ ਲਗਦੇ। ਕਈ ਵਾਰ ਤਾਂ ਡਰਦੇ ਮਾਰੇ ਉਸਦੇ ਬਿਸਤਰੇ ਤੇ ਹੀ ਸੌਂ ਜਾਂਦੇ ਤਾਂ ਕਿ ਕੋਈ ਭੂਤ ਪਰੇਤ ਘਰ ਜਾਂਦੇ ਨੂੰ ਨਾ ਪਕੜ ਲਏ। ਜਦੋਂ ਉਸਨੇ ਸੌਣਾ ਹੁੰਦਾ ਤਾਂ ਸਦਾ ਕਹਿੰਦੀ, "ਇੰਨੀ ਮੇਰੀ ਬਾਤ, ਉਪਰੋਂ ਪਈ ਰਾਤ।" ਇਹ ਸੁਣ ਕੇ ਬੱਚੇ ਊਂਘਦੇ ਊਂਘਦੇ ਉਠਦੇ ਅਤੇ ਡਗਮਗਾਉਂਦੇ ਆਪੋ ਆਪਣੇ ਘਰੀਂ ਚਲ ਪੈਂਦੇ। ਕਈ ਵਾਰ ਤਾਂ ਉਨ੍ਹਾਂ ਦੀਆਂ ਮੰਜੇ ਕੋਲੋਂ ਆਪੋ ਆਪਣੇ ਨਿਆਣੇ ਲੈਣ ਲਈ ਪਹੁੰਚ ਜਾਂਦੇ ਪਰ ਅਸੀਂ ਸਭ ਚੁੰਬਕ ਦੀ ਤਰ੍ਹਾਂ ਦਾਦੀ ਮਾਂ ਦਾ ਪਿੱਛਾ ਨਾ ਛੱਡਦੇ।

ਮੈਂ ਦਾਦੀ ਨਾਲ ਬੜਾ ਪਿਆਰ ਕਰਦਾ ਉਹ ਵੀ ਬੇਹੱਦ ਲਾਡ ਕਰਦੀ ਅਤੇ ਹਮੇਸ਼ਾ ਰਾਤ ਨੂੰ ਆਪਣੇ ਨਾਲ ਸੁਆਂਦੀ। ਮੇਰੀ ਪੜ੍ਹਾਈ ਦਾ ਪੂਰਾ ਧਿਆਨ ਰੱਖਦੀ। ਕਦੇ ਕਦੇ ਸਕੂਲ ਦੇ ਅਧਿਆਪਕਾਂ ਦੇ ਵਰਤਾਉ ਬਾਰੇ ਪੁੱਛਦੀ। ਮੇਰੇ ਮਾੜੇ ਸਰੀਰ ਨੂੰ ਦੇਖ ਕੇ ਮੇਰੇ ਪਿਤਾ ਜੀ ਨੂੰ ਛੁੱਟੀ ਆਏ ਸਮੇਂ ਬਦਾਮ ਖਰੀਦ ਕੇ ਲਿਆਉਣ ਲਈ ਵਰਜਦੀ। ਮੈਂ ਖਾਣਾ ਵੀ ਉਸੇ ਨਾਲ ਹੀ ਖਾਂਦਾ ਅਤੇ ਉਹ ਜਾਣ ਬੁਝ ਕੇ ਜ਼ਾਇਦਾਂ ਮੱਖਣ ਮੇਰੇ ਮੂੰਹ ਵਿਚ ਦੇਂਦੀ।

ਕਦੇ ਕਦੇ ਉਹ ਮੈਨੂੰ ਸਕੂਲੋਂ ਗਣਿਤ ਦੇ ਮਿਲੇ ਸੁਆਲਾਂ ਨੂੰ ਆਪਣੇ ਸਾਹਮਣੇ ਕੱਢਣ ਲਈ ਆਖਦੀ। ਮੈਂ ਰੋਜ਼ ਸਕੂਲ ਤੋਂ ਵਾਪਸ ਆ ਕੇ ਇਕ ਵਾਰ ਉਸ ਨੂੰ ਮੁਹਾਰਨੀ ਸੁਣਾਂਦਾ। ਉਹ ਬੜੇ ਧਿਆਨ ਨਾਲ ਮੁਹਾਰਨੀ ਸੁਣਦੀ ਅਤੇ ਜਿਥੇ ਕਿਤੇ ਮੈਂ ਗਲਤ ਬੋਲਦਾ, ਉੱਥੇ ਝੱਟ ਰੋਕ ਲੈਂਦੀ ਅਤੇ ਖ਼ੁਦ ਦਰੁਸਤ ਕਰਕੇ ਦੁਹਰਾਉਂਦੀ। ਉਹ ਕਦੇ ਸਕੂਲ ਨਹੀਂ ਗਈ ਸੀ ਪਰ ਅਭਿਆਸ ਨਾਲ ਹੀ ਥੋੜੀ ਬਹੁਤ ਗਿਣਤੀ ਕਰਨੀ ਸਿਖ ਗਈ ਸੀ।

ਮੈਂ ਉਦੋਂ ਚੌਥੀ ਜਮਾਤ ਵਿਚ ਪੜ੍ਹਦਾ ਸਾਂ। ਸਕੂਲ ਪਿੰਡ ਦੇ ਬਾਹਰ ਸੀ। ਸਕੂਲੋਂ ਆ ਕੇ ਨਿੱਤ ਨੇਮ ਘਰ ਨੂੰ ਦਿੱਤੇ ਪਾਠ ਅਤੇ ਅਭਿਆਸਾਂ ਨੂੰ ਪੂਰਾ ਕਰਦਾ। ਉਹ ਮੇਰੇ ਕੰਮ ਤੇ ਸਖਤ ਨਿਗਰਾਨੀ ਰੱਖਦੀ ਅਤੇ ਜੇ ਕਦੇ ਮੈਂ ਟੇਡਾ ਹੋ ਕੇ ਬੈਠਿਆ ਹੁੰਦਾ ਤਾਂ ਸਿੱਧਾ ਕਰਕੇ ਬਿਠਾ ਦੇਂਦੀ। ਮੈਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਉਹ ਮੇਰੀ ਦਾਦੀ ਮਾਂ ਹੈ ਕਿ ਬੀਬੀ।

ਮੇਰੀ ਸੰਗਤ ਦਾ ਖਾਸ ਧਿਆਨ ਕਰਦੀ। ਜੇ ਕਦੇ ਮੈਨੂੰ ਬੁਰੇ ਬੱਚਿਆਂ ਨਾਲ ਘੁੰਮਦਾ ਦੇਖ ਲੈਂਦੀ ਤਾਂ ਉਸਦਾ ਪਾਰਾ ਬਹੁਤ ਚੜ੍ਹ ਜਾਂਦਾ। ਕੰਨ ਮਰੋੜ ਕੇ ਸਮਝਾਉਂਦੀ ਅਤੇ ਬੁਰੀ ਸੰਗਤ ਦੇ ਪਰਭਾਵਾਂ ਤੋਂ ਜਾਣੂ ਕਰਵਾਉਂਦੀ। ਮੈਂ ਉਸਦੀ ਹਰ ਗਲ ਸਹੀ ਸਮਝ ਕੇ ਅਪਣਾ ਲੈਂਦਾ।

# ਦੂਸਰਾ ਸਕੂਲ

— ਅਮਰਜੀਤ ਸਿੰਘ ਘਲਗੀਰ

"ਮਾਂ, ਤੈਨੂੰ ਅਸੀਂ ਦਾਦੀ ਮਾਂ ਕਿਉਂ ਕਹਿੰਦੇ ਹਾਂ?" ਇਕ ਦਿਨ ਮੈਂ ਉਸਨੂੰ ਸਹਿਜ ਸੁਭਾ ਨਾਲ ਪੁੱਛਿਆ!

ਉਹ ਬੋਲੀ, "ਬੇਟਾ ਅਸਲ ਵਿਚ ਮੈਂ ਤੇਰੀ ਪੜਦਾਦੀ ਲਗਦੀ ਹਾਂ ਪਰ ਆਮ ਤੌਰ ਤੇ ਮੇਰੇ ਵਰਗੀਆਂ ਬਜ਼ੁਰਗ ਤੀਵੀਆਂ ਨੂੰ ਲੋਕ ਦਾਦੀ ਮਾਂ ਹੀ ਕਹਿੰਦੇ ਹਨ। ਪਹਿਲੇ ਨੰਬਰ ਤੇ ਤੇਰੀ ਬੀਬੀ ਹੋਈ ਦੂਸਰੇ ਨਬਰ ਤੇ ਤੇਰੀ ਦਾਦੀ ਜਾਣੀ ਕਿ ਤੇਰੇ ਪਿਤਾ ਦੀ ਮਾਂ ਅਤੇ ਤੀਸਰੇ ਨੰਬਰ ਤੇ ਪੜਦਾਦੀ ਹੁੰਦੀ ਹੈ ਜਾਣੀ ਕਿ ਤੇਰੇ ਪਿਤਾ ਦੀ ਦਾਦੀ। ਸੋ ਤੂੰ ਤੇ ਮੇਰਾ ਪੜੋਤਾ ਹੋਇਆ।

"ਫਿਰ ਤੇ ਮਾਂ ਤੇਰੀ ਬਹੁਤ ਉਮਰ ਹੋਵੇਗੀ, "ਮੈਂ ਪੁੱਛਿਆ।

"ਹਾਂ, ਕਾਕਾ! ਅਸੀਂ ਕੋਈ ਹੁਣ ਦੇ ਜ਼ਮਾਨੇ ਦੇ ਥੋੜੇ ਹਾਂ। ਮੇਰੀ ਉਮਰ ਦੇ ਤਾਂ ਦਰਖਤ ਵੀ ਸੁੱਕ ਗਏ ਹਨ," ਉਸ ਨੇ ਗੰਭੀਰਤਾ ਨਾਲ ਉੱਤਰ ਦਿੱਤਾ।

"ਮਾਂ, ਤੁਹਾਡੇ ਵੇਲਿਆਂ ਦੇ ਕਿਹੜੇ ਦਰੱਖਤ ਸਨ?" ਮੈਂ ਪੁੱਛਦਾ।

"ਇਕ ਤਾਂ ਆਪਣੀ ਹਵੇਲੀ ਦੇ ਸਾਹਮਣੇ ਹੁੰਦਾ ਸੀ। ਇਕ ਪਿੰਡ ਦੇ ਬਸੀਮੇ ਤੇ ਬੜਾ ਵੱਡਾ ਪੇੜ ਸੀ। ਬਸ, ਔਹ ਜੋ ਪਿੱਪਲ ਹੈ, ਉਹ ਸ਼ਾਇਦ ਮੇਰੀ ਉਮਰ ਦਾ ਹੋਣਾ ਹੈ। ਜਦੋਂ ਮੈਂ ਇਸ ਘਰ ਆਈ ਸਾਂ ਤਾਂ ਉਸ ਵੇਲੇ ਇਹ ਛੋਟਾ ਜਿਹਾ ਬੂਟਾ ਸੀ," ਉਸਨੇ ਮੇਰੇ ਮੂੰਹ ਤੇ ਹੱਥ ਫੇਰਦੇ ਜੁਆਬ ਦਿਤਾ।

"ਫਿਰ ਵੀ ਮਾਂ ਤੇਰੀ ਕਿੰਨੀ ਕੁ ਉਮਰ ਹੋਵੇਗੀ? ਪਿੱਪਲ ਤਾਂ ਮਸਾਂ 30-40 ਸਾਲ ਦਾ ਹੋਵੇਗਾ," ਮੈਂ ਭੋਲੇਪਨ ਨਾਲ ਪੁੱਛਦਾ।

"ਹੈਂ!" ਉਹ ਮੈਨੂੰ ਹੈਰਾਨ ਹੋ ਕੇ ਦੇਖਦੀ। "ਸੌ ਸਾਲ ਤੋਂ ਘੱਟ ਨਹੀਂ ਹੋਣਾ ਇਹ ਪਿੱਪਲ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਮੈਂ 17-18 ਸਾਲ ਦੀ ਹੋਈ ਹੋਵਾਂਗੀ, ਉਸ ਨੇ ਉਤਰ ਦਿਤਾ।

"ਅੱਛਾ! ਫਿਰ ਤੇ ਤੁਸੀਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਖਿਆ ਹੋਵੇਗਾ। ਉਹ ਕਿਹੋ ਜਿਹਾ ਸੀ? ਮੈਂ ਹੋਰ ਹੈਰਾਨ ਹੋ ਕੇ ਪੁੱਛਦਾ।

"ਅੱਜ ਵਾਂਗ ਠਗੀ ਚੋਰੀ ਨਹੀਂ ਸੀ ਉਸ ਵੇਲੇ। ਹੁਣ ਤੂੰ ਸੌਂ ਜਾ। ਕਾਫੀ ਰਾਤ ਗੁਜ਼ਰ ਗਈ ਹੈ, ਦਾਦੀ ਮਾਂ ਆਵਾਸੀਆਂ ਲੈਂਦੀ ਬੋਲੀ। ਮੈਂ ਕਈ ਦੇਰ ਤਕ ਚੰਦ ਅਤੇ ਤਾਰਿਆਂ ਵਲ ਵੇਖਦਾ ਰਹਿੰਦਾ। ਕਈ ਕਈ ਘੰਟੇ ਨੀਂਦ ਨਾ ਆਉਂਦੀ। ਕਦੇ ਕਦੇ ਮਨ ਕਰਦਾ ਕਿ ਦਾਦੀ ਮਾਂ ਨੂੰ ਫਿਰ ਜਗਾ ਕੇ ਉਮਰ ਪੁੱਛਾਂ ਪਰ ਉਹ ਗੂਹੜੀ ਨੀਂਦ ਵਿਚ ਸੁੱਤੀ ਹੁੰਦੀ।

ਸੁੱਤੇ ਹੋਏ ਜੇ ਕਦੇ ਮੇਰੇ ਉਪਰੋਂ ਚਾਦਰ ਜਾਂ ਖੇਸ ਉਤਰਿਆ ਮਹਿਸੂਸ ਕਰਦੀ ਤਾਂ ਉਹ ਝੱਟ ਸਰੀਰ ਨੂੰ ਢੱਕ ਦਿੰਦੀ। ਜਿਉਂ ਹੀ ਕੁੱਕੜ ਪਹਿਲੀ ਬਾਂਗ ਦਿੰਦਾ, ਉਹ ਜਾਗ ਪੈਂਦੀ। ਨਹਾਂ ਧੋ ਕੇ ਜਪੁਜੀ ਸਾਹਿਬ ਦਾ ਪਾਠ ਪੜ੍ਹਦੀ ਫਿਰ ਘਰ ਦੇ ਕੰਮ ਵਿਚ ਡਟ ਜਾਂਦੀ। ਸਰਦੀਆਂ ਹੋਣ ਜਾਂ ਗਰਮੀਆਂ, ਮੀਂਹ ਹੋਵੇ ਜਾਂ ਝੱਖੜ ਮਾਂ ਦਾ ਨਿੱਤ ਨੇਮ ਕਦੇ ਨਾ ਟੁੱਟਦਾ।

ਜ਼ਿਆਦਾ ਉਮਰ ਹੋਣ ਕਰਕੇ ਉਸਦਾ ਸਾਰਾ ਮੂੰਹ ਅਤੇ ਸਰੀਰ ਝੁਰੜੀਆਂ ਨਾਲ ਭਰਿਆ ਹੋਇਆ ਸੀ। ਕਦੇ ਕਦੇ ਉਹ ਪਰਮਾਤਮਾ

ਅਗ ਬੇਨਤੀ ਕਰਦੀ ਕਿ ਉਹ ਹੁਣ ਉਸਨੂੰ ਆਪਣੇ ਪਾਸ ਬੁਲਾ ਲਵੇ ।

''ਮਾਂ ਜੇ ਤੂੰ ਰੱਬ ਦੇ ਘਰ ਚਲੀ ਗਈ ਤਾਂ ਫਿਰ ਅਸੀਂ ਕਿੱਥੇ ਜਾਵਾਂਗੇ ? ਮੈਂ ਕਿਸ ਕੋਲ ਸੌਇਆ ਕਰਾਂਗਾ ? ਮੈਂ ਇਕ ਦਿਨ ਰੋਣ ਹਾਕਾ ਮੂੰਹ ਬਣਾ ਕੇ ਪੁੱਛਿਆ ।

''ਤੂੰ ਮੇਰੇ ਜਾਣ ਤੋਂ ਬਾਅਦ ਆਪਣੀ ਬੀਬੀ ਕੋਲ ਸੌਇਆ ਕਰੀਂ,'' ਉਹ ਮੇਰੇ ਸਿਰ ਤੇ ਹੱਥ ਰੱਖ ਕੇ ਅਤੇ ਚੁੰਮਦੀ ਜੁਆਬ ਦਿੰਦੀ ।

''ਨਹੀਂ ਮਾਂ, ਮੈਂ ਤੈਨੂੰ ਰੱਬ ਕੋਲ ਨਹੀਂ ਜਾਣ ਦੇਵਾਂਗਾ ਅਤੇ ਨਾਂ ਹੀ ਮੈਂ ਕਿਸੇ ਹੋਰ ਨਾਲ ਸੌਵਾਂਗਾ, ਮੈ ਅੜੀ ਕਰਦਾ ਬੋਲਦਾ ।

''ਅੱਛਾ ਬਾਬਾ, ਮੈਂ ਨਹੀਂ ਮਰਦੀ । ਤੂੰ ਸੌਂ ਜਾ,'' ਉਹ ਦਿਲਾਸਾ ਦਿੰਦੀ ਬੋਲਦੀ ।

ਹੁਣ ਦਾਦੀ ਮਾਂ ਨੇ ਮੈਨੂੰ ਗੁਰਬਾਣੀ ਦਾ ਪਾਠ ਸਿਖਾਉਣਾ ਸ਼ੁਰੂ ਕਰ ਦਿੱਤਾ । ਉਹ ਸ਼ਾਮ ਨੂੰ ਗੁਰੂਆਂ ਦੀਆਂ ਜੀਵਨੀਆਂ ਵੀ ਸੁਨਾਣ ਲਗ ਪਈ । ਅਸੀਂ ਗੁਰੂਆਂ ਦੇ ਕਾਰਨਾਮਿਆਂ ਨੂੰ ਸੁਣ ਕੇ ਦੰਗ ਰਹਿ ਜਾਂਦੇ । ਫਿਰ ਉਹ ਆਪਣੀ ਬਰਾਦਰੀ ਦੀਆਂ ਗੱਲਾਂ ਸੁਣਾਂਦੀ ਅਤੇ ਇਸਦੀ ਇੱਜ਼ਤ ਨੂੰ ਬਚਾਉਣ ਲਈ ਹਰ ਤਰਾਂ ਦੀ ਕੁਰਬਾਨੀ ਦੇਣ ਲਈ ਪ੍ਰੇਰਨਾ ਦਿੰਦੀ । ਹੁਣ ਤਕ ਸਾਨੂੰ ਸਭ ਨੂੰ ਪਤਾ ਲਗ ਚੁੱਕਾ ਸੀ ਕਿ ਕੌਣ ਰਾਜਪੂਤ ਹੁੰਦੇ ਹਨ, ਜੱਟ ਕੌਣ ਹੁੰਦੇ ਹਨ, ਸੈਣੀ ਕੌਣ ਹੁੰਦੇ ਹਨ ਭੰਗੀ ਨਾਈ ਆਦਿਕ ਕੌਣ ਹੁੰਦੇ ਹਨ ਅਤੇ ਕੀ ਕੀ ਕਿੱਤਾ ਕਰਦੇ ਕਨ । ਅਸੀਂ ਆਪੋ ਆਪਣੀ ਬਰਾਦਰੀ ਵਾਰੇ ਬੜੇ ਮਾਣ ਨਾਲ ਗੱਲਾਂ ਕਰਦੇ ।

''ਮਾਂ ਹਰੀਜਨ ਕੌਣ ਹੁੰਦੇ ਹਨ ?'' ਮੈਂ ਅਜ ਸਕੂਲੋਂ ਆਕੇ ਬਸਤਾ ਉਤਾਰ ਕੇ ਪਹਿਲਾ ਸੁਆਲ ਦਾਦੀ ਮਾ ਨੂੰ ਕੀਤਾ ।

''ਬੇਟਾ, ਤੂੰ ਪਹਿਲਾਂ ਨਹਾ ਧੋ ਲੈਅ, ਫਿਰ ਮਾਂ ਪੁੱਤ ਖਾਣਾ ਖਾਵਾਂਗੇ ਅਤੇ ਬਾਅਦ ਵਿਚ ਤੂੰ ਸੁਆਲ ਜੁਵਾਬ ਕਰੀਂ । ਤੈਨੂੰ ਅੱਜਕਲ ਸੁਆਲ ਕਰਨ ਦੀ ਬੜੀ ਆਦਤ ਪੈਂਦੀ ਜਾ ਰਹੀ ਹੈ,'' ਦਾਦੀ ਮਾਂ ਘੂਰਦੀ ਬੋਲੀ ।

''ਮਾਂ, ਕੀ ਸਵਾਲ ਨਹੀਂ ਪੁੱਛਣੇ ਚਾਹੀਦੇ ? ਮੈਂ ਛੇਤੀ ਛੇਤੀ ਨਹਾ ਧੋ ਕੇ ਮਾਂ ਕੋਲੋਂ ਪੁੱਛਿਆ ।

''ਹੁਣ ਤੂੰ ਖਾਣਾ ਖਾ ਲੈਅ । ਥੋੜਾ ਆਰਾਮ ਕਰ ਲੈਅ । ਫਿਰ ਸਕੂਲ ਦਾ ਕੰਮ ਕਰੀਂ,'' ਮਾਂ ਨੇ ਗੱਲ ਬਦਲਾਉਂਦੇ ਉੱਤਰ ਦਿੱਤਾ ।

ਰੋਜ ਵਾਂਗ ਅਜ ਵੀ ਸ਼ਾਮ ਹੋ ਗਈ ਸੀ, ਦਾਦੀ ਦੇ ਕਹੇ ਅਨੁਸਾਰ ਮੈਂ ਗੁਰਬਾਣੀ ਦਾ ਪਾਠ ਖਤਮ ਕਰ ਚੁੱਕਾ ਸਾਂ । ਗਆਂਢੀਆਂ ਦੇ ਬੱਚੇ ਮਾਂ ਦੀਆਂ ਕਹਾਣੀਆਂ ਅਤੇ ਬੁਝਾਰਤਾਂ ਸੁਣ ਕੇ ਆਪੋ ਆਪਣੇ ਘਰੀਂ ਚਲੇ ਗਏ ਸਨ । ਮਾਂ ਨੂੰ ਨੀਂਦ ਆ ਰਹੀ ਸੀ ਪਰ ਮੈਂ ਸੁਆਲ ਕੀਤੇ ਬਗੈਰ ਨਹੀਂ ਰਹਿ ਸਕਿਆ ।

''ਮਾਂ,, ਮੈਂ ਉਸਦੀ ਛਾਤੀ ਤੇ ਹੱਥ ਰੱਖਦੇ ਬੋਲਿਆ । ''ਮਾਂ, ਅੱਜ ਅਧਿਆਪਕ ਨੇ ਦੱਸਿਆ ਕਿ ਸਾਡੇ ਦਸਵੇਂ ਗੁਰੂ ਨੇ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਨੀਂਹ ਰੱਖੀ ਸੀ ।ਖਾਲਸਾ ਪੰਥ ਸਾਜ ਕੇ ਜਾਤ ਪਾਤ ਦਾ ਨਾਸ਼ ਕੀਤਾ ਅਤੇ ਇਸ ਸਮਾਜਿਕ ਕੁਰੀਤ ਨੂੰ ਜੜੋਂ ਪੱਟ ਦਿੱਤਾ । ਫਿਰ ਮਾਂ, ਅਸੀਂ ਆਪੋ ਆਪਣੀ ਬਰਾਦਰੀ ਨੂੰ ਕਿਉਂ ਮੰਨਦੇ ਹਾਂ ?'' ਮੈਂ ਪੁੱਛਿਆ।

''ਕਿਉਂ ਨਹੀਂ ਕਾਕਾ, ਆਪਣੀ ਬਰਾਦਰੀ ਤੇ ਲਾਜ ਕਰਨਾ ਅਤੇ ਉਸ ਲਈ ਮਰ ਮਿਟ ਜਾਣਾ ਤਾਂ ਸਾਡਾ ਧਰਮ ਹੈ । ਗੁਰੂ ਮਹਾਰਾਜ ਨੇ ਸਾਨੂੰ ਸਭ ਨੂੰ ਇਹੀ ਸਿਖਿਆ ਦਿੱਤੀ ਹੈ,'' ਮਾਂ ਆਪਣੀ ਸਫਾਈ ਪੇਸ਼ ਕਰਦਿਆਂ ਬੋਲੀ ।

''ਮਾਂ, ਮੈਨੂੰ ਸਮਝ ਨਹੀਂ ਆਉਂਦੀ ਕਿ ਸਾਨੂੰ ਸਕੂਲ ਦੇ ਅਧਿਆਪਕ ਦੀਆਂ ਗੱਲਾਂ ਠੀਕ ਮੰਨਣੀਆਂ ਚਾਹੀਦੀਆਂ ਹਨ ਕਿ ਤੁਹਾਡੀਆਂ,'' ਮੈਂ ਜ਼ਰਾ ਭੜ੍ਹਕ ਕੇ ਬੋਲਿਆ ।

ਮੇਰੀ ਉੱਚੀ ਅਵਾਜ਼ ਨੂੰ ਸੁਣ ਕੇ ਦਾਦੀ ਮਾਂ ਇਕ ਦਮ ਚੁੱਪ ਹੋ ਗਈ । ਉਸਨੇ ਮੈਨੂੰ ਆਪਣੀ ਗੋਦੀ ਵਿਚ ਉਠਾ ਲਿਆ ਅਤੇ ਸਿਰ ਤੇ ਹੱਥ ਫੇਰ ਕੇ ਪਿਆਰ ਕਰਨ ਲਗੀ । ਕਾਫੀ ਰਾਤ ਗੁਜਰ ਗਈ ਪਰ ਫਿਰ ਵੀ ਉਸਦੀਆਂ ਅੱਖਾਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਹੀ ਸਨ ।

---


(ਪੰਨਾ 45 ਦੀ ਬਾਕੀ)

ਭਾਰਤੀ ਅਨੁਭਵ :

ਬੱਚਿਆਂ ਦੇ ਵਿਕਾਸ ਸਬੰਧੀ ਚਲਾਈ ਗਈ ਸਕੀਮ ਦਾ ਡਾਕਟਰੀ ਵਿਗਿਆਨਾਂ ਬਾਰੇ ਭਾਰਤੀ ਸੰਸਥਾ ਅਤੇ ਕੁਝ ਮੈਡੀਕਲ ਕਾਲਜਾਂ ਵਲੋਂ ਕੀਤਾ ਗਿਆ ਸਰਵੇਖਣ ਇਹ ਦਰਸਾਉਂਦਾ ਹੈ ਕਿ ਇਸ ਸਕੀਮ ਦਾ ਬਹੁਤ ਹੀ ਹਾਂ-ਪੱਖੀ ਅਸਰ ਪਿਆ ਹੈ । ਇਹ ਵੇਖਣ ਵਿਚ ਆਇਆ ਹੈ ਕਿ ਪੇਂਡੂ, ਅਤੇ ਸ਼ਹਿਰੀ ਇਲਾਕਿਆਂ ਵਿਚ, ਜਿਥੇ ਇਹ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ । ਖਾਸ ਕਰਕੇ ਤਿੰਨ ਸਾਲਾਂ ਤੋਂ ਹੇਠ ਦੀ ਉਮਰ ਦੇ ਬੱਚਿਆਂ ਉਪਰ ਬਹੁਤ ਚੰਗਾ ਪ੍ਰਭਾਵ ਪਿਆ ਹੈ । ਇਸ ਤਰ੍ਹਾਂ ਵੇਖਿਆ ਗਿਆ ਹੈ ਕਿ ਵਿਟਾਮਿਨ ਏ ਦੇਣ ਨਾਲ 1 ਤੋਂ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਿਚ ਅੰਨ੍ਹੇਪਣ ਦੀ ਦਰ ਪਹਿਲਾਂ ਨਾਲੋਂ ਕਾਫੀ ਘਟੀ ਹੈ । ਪਰ ਏਨੇ ਵੱਡੇ ਮੁਲਕ ਵਿਚ ਜਿਥੋਂ ਦੀ ਅੱਧੀ ਤੋਂ ਜ਼ਿਆਦਾ ਵਜੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਨਿਰਬਾਹ ਕਰ ਰਹੀ ਹੋਵੇ, ਸਿਰਫ਼ 200 ਪ੍ਰਾਜੈਕਟ ਕਾਫੀ ਨਹੀਂ । ਬੱਚਿਆਂ ਦੇ ਵਿਕਾਸ ਸਬੰਧੀ ਇਸ ਸੰਸਥਾ ਨੂੰ ਇਹ ਜਤਨ ਕਰਨੇ ਚਾਹੀਦੇ ਹਨ ਕਿ ਇਸ ਦੇ ਪ੍ਰੋਗਰਾਮ ਆਮ ਲੋਕਾਂ ਤਕ ਪਹੁੰਚ ਸਕਣ ਅਤੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੱਖ ਵੱਖ ਸਕੀਮਾਂ ਲਾਗੂ ਕਰਨ ਵਿਚ ਸਰਕਾਰ ਦਾ ਸਾਥ ਦੇਣ ਕਿਉਂ ਕਿ ਇੱਕਲੀ ਸਰਕਾਰ ਇੱਕਲੀ ਹੇਠਲੇ ਪੱਧਰ ਤੱਕ ਨਹੀਂ ਪੁਜ ਸਕਦੀ ।

ਭਾਰਤ ਵਿਚ ਅਤੇ ਖਾਸ ਕਰਕੇ ਪੇਂਡੂ ਭਾਰਤ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਗਰੀਬੀ ਖਿਲਾਫ਼ ਲੜੀ ਜਾ ਰਹੀ ਜੰਗ ਦੇ ਨਾਲ ਖਾਣ ਪੀਣ ਬਾਰੇ ਵੀ ਵਿਦਿਆ ਦੇਣੀ ਬਹੁਤ ਜ਼ਰੂਰੀ ਹੈ । ਮਦਰਾਏ ਵਿਚ ਹੋਏ ਇਟ ਸਰਵੇ ਦੇ ਅਧਾਰ ਤੇ ਇਕ ਮਾਹਿਰ ਦਾ ਕਹਿਣਾ ਹੈ ਕਿ ਵਿਟਾਮਿਨ ਏ ਦੀ ਘਾਟ ਦੇ ਹੋਰ ਕੁਝ ਨਹੀਂ ਤਾਂ ਦਰਖ਼ਤਾਂ ਦੇ ਕੁਝ ਹਰੇ ਪੱਤੇ ਖਾ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ ਅਤੇ ਵਿਟਾਮਿਨ ਏ ਨੂੰ ਸਰੀਰ ਵਚ ਜਮਾਂ ਵੀ ਕੀਤਾ ਜਾ ਸਕਦਾ ਹੈ ।

ਉਂਜ ਤਾਂ ਅੰਨ੍ਹੇਪਣ ਨੂੰ ਦੂਰ ਕਰਨ ਲਈ ਸਮੁਚੀਆਂ ਆਰਥਿਕ ਅਤੇ ਸਮਾਜਿਕ ਹਾਲਤਾਂ ਵਿਚ ਸੁਧਾਰ ਲਿਆਉਣ ਦੀ ਲੋੜ ਹੈ ਪਰ ਇਸ ਨੂੰ ਰੋਕਣ ਲਈ ਹੋਰ ਜਤਨ ਕਰਨੇ ਵੀ ਜ਼ਰੂਰੀ ਹਨ । ਛੇਵੀਂ ਪੰਜ ਸਾਲਾ ਯੋਜਨਾ ਦੌਰਾਨ ਲੋਕ ਦੀ ਸਿਹਤ ਸਬੰਧੀ ਰੱਖੇ ਗਏ 'ਘੱਟ ਤੋਂ ਘੱਟਾਂ ਲੋੜਾਂ ਪੂਰੀ ਕਰਨ', ਪ੍ਰੋਗਰਾਮਾਂ ਅਧੀਨ ਪੰਜਵੀਂ ਯੋਜਨਾ ਨਾਲੋਂ ਦੁਗਣੀ ਰਾਸ਼ੀ ਰੱਖੀ ਗਈ ਹੈ । ਪੰਜਵੀਂ ਪੰਜ ਸਾਲਾ ਯੋਜਨਾ ਵਿਚ ਇਸ ਉਪਰ 2607 ਰੁਪਏ ਖਰਚੇ ਗਏ ਸਨ ਜਦ ਕਿ ਛੇਵੀਂ ਯੋਜਨਾ ਵਿਚ 4920 ਰੁਪਏ ਖਰਚੇ ਜਾਣਗੇ । ਜਦੋਂ ਸਾਰੇ ਲੋਕਾਂ ਨੂੰ ਚੰਗਾ ਖਾਣਾ ਮਿਲਣ ਲਗ ਪਏਗਾ ਅਤੇ ਲੋਕਾਂ ਨੂੰ ਡਾਕਟਰੀ ਸਹੂਲਤਾਂ ਆਮ ਮਿਲਣ ਲਗ ਜਾਣਗੀਆਂ ਉਦੋਂ ਅੰਨ੍ਹੇਪਣ ਦਾ ਵੀ ਨਾਮ ਨਿਸ਼ਾਨ ਮਿਟ ਜਾਏਗਾ ।


ਜਾਗ੍ਰਤੀ
ਜੁਲਾਈ, 1983
75-ਪੈਸੇ

# ਦੋ ਮੇਖਾਂ

ਏ. ਐਸ. ਬਲਗੀਰ

(ਕਹਾਣੀ)

ਅੱਜ ਮੈਂ ਬੜਾ ਖੁਸ਼ ਸਾਂ ਕਿਉਂਕਿ 15 ਕੁ ਦਿਨ ਗੈੱਸਟ ਹਾਊਸ ਵਿੱਚ ਰਹਿਣ ਬਾਅਦ ਸਰਕਾਰੀ ਕੁਆਟਰ ਅਲਾਟ ਹੋ ਗਿਆ ਸੀ। ਪਹਿਲੇ ਸਾਹਿਬ ਦੀ ਬਦਲੀ ਹੋ ਗਈ ਸੀ ਅਤੇ ਉਸ ਦੀ ਜਗਾਹ ਤੇ ਮੈਂ ਆਇਆ ਸਾਂ। ਕੁਆਟਰ ਖਾਲੀ ਕੀਤੇ ਨੂੰ 6 ਦਿਨ ਹੋ ਗਏ ਸਨ। ਮੈਨੂੰ ਚਾਬੀ ਦੇਣ ਤੋਂ ਪਹਿਲਾਂ ਐੱਸਟੇਟ ਇੰਨਚਾਰਜ ਦੇ ਨਮਾਇੰਦੇ ਨੇ ਕੁਆਟਰ ਦਾ ਤਾਲਾ ਖੋਲ੍ਹਿਆ ਤਾਂ ਕਿ ਮੈਂ ਉਸਦੀ ਹਾਲਤ ਅੰਦਰੋਂ ਉਸਦੀ ਹਾਜ਼ਰੀ ਵਿੱਚ ਹੀ ਦੇਖ ਸਕਾਂ। ਹਾਲੇ ਭੀ ਫਰਸ਼ ਤੇ ਅਖ਼ਬਾਰਾਂ ਦੇ ਕਾਗਜ਼ ਰੁਲ ਰਹੇ ਸਨ। ਕਿਤੇ ਖੂੰਜਿਆਂ ਵਿੱਚ ਟੁਟੀਆਂ ਬੋਤਲਾਂ ਪਈਆਂ ਸਨ ਅਤੇ ਕਿਤੇ ਦੁਆਈ ਵਾਲੀਆਂ ਛੋਟੀਆਂ ਸ਼ੀਸ਼ੀਆਂ। ਇਕ ਦੋ ਦੀਵਾਰਾਂ ਤੇ ਫੋਟੋਆਂ ਥੱਪੀਆਂ ਹੋਈਆਂ ਸਨ ਅਤੇ ਅੱਧੀਆਂ ਕੁ ਫਟੀਆਂ ਨਜ਼ਰ ਆ ਰਹੀਆਂ ਸਨ। ਕਿੱਲਾਂ ਗੱਡ ਗੱਡ ਕੇ ਬੈਠਕ ਦੀਆਂ ਦੀਵਾਰਾਂ ਭੱਦੀਆਂ ਲੱਗ ਰਹੀਆਂ ਸਨ। ਗੁਸਲਖਾਨੇ ਅਤੇ ਰਸੋਈ ਦੀ ਹਾਲਤ ਭੀ ਤਰਸਯੋਗ ਸੀ।

ਅਗਲੇ ਦਿਨ ਮੈਂ ਐੱਸਟੇਟ ਆਫਿਸ ਦੇ ਫੋਰਮੈਨ ਨੂੰ ਫੋਨ ਕੀਤਾ ਅਤੇ ਸਾਰੇ ਕੁਆਟਰ ਵਿੱਚ ਅੱਛੀ ਤਰ੍ਹਾਂ ਸਫੈਦੀ ਕਰਾਉਣ ਲਈ ਕਿਹਾ। ਉਹ ਬੋਲਿਆ, "ਸਾਹਿਬ, ਅਸ਼ਾਂ ਗੁਸਲਖਾਨੇ ਅਤੇ ਰਸੋਈ ਦੀ ਸਫਾਈ ਤਾਂ ਕਰਵਾ ਸਕਦੇ ਹਾਂ ਪਰ ਪੂਰੇ ਕੁਆਟਰ ਦੀ ਸਫੈਦੀ ਕਰਵਾਉਣ ਲਈ ਸਾਨੂੰ ਉਪਰੋਂ ਹੁਕਮ ਚਾਹੀਦਾ ਹੈ।"

"ਠੀਕ ਹੈ, ਤੁਸੀਂ ਸਫੈਦੀ ਤਾਂ ਸ਼ੁਰੂ ਕਰਵਾਉ। ਬਾਕੀ ਹਿੱਸੇ ਦੀ ਮੈਂ ਆਪਣੀ ਵਲੋਂ ਪੈਸੇ ਖਰਚ ਕੇ ਸਫੈਦੀ ਚੂਨਾ ਖਰੀਦ ਦਿਆਂਗਾ," ਮੈਂ ਜੁਆਬ ਦਿੱਤਾ।

ਸਫਾਈ ਹੋ ਜਾਣ ਤੋਂ ਬਾਅਦ ਮੈਂ ਇਕ ਇਕ ਕਰਕੇ ਸਾਰਾ ਸਾਮਾਨ ਕੁਆਟਰ ਵਿੱਚ ਟਿਕਾ ਲਿਆ। 10 ਦਿਨਾਂ ਬਾਅਦ ਛੁੱਟੀ ਲੈ ਕੇ ਪਤਨੀ ਨੂੰ ਘਰੋਂ ਲੈਣ ਚਲਾ ਗਿਆ। ਉਸ ਦੇ ਆਉਣ ਨਾਲ ਕੁਆਟਰ ਦੀ ਰੌਣਕ ਹੋਰ ਵਧ ਗਈ। ਇਕ ਦਿਨ ਉਸ ਨੇ ਸਲਾਹ ਦਿੱਤੀ ਕਿ ਜੇ ਸਾਡੀ ਬੈਠਕ ਵਿੱਚ ਕਸ਼ਮੀਰ ਵਾਲਾ ਵੱਡਾ ਦਰਿਸ਼ ਲਗ ਜਾਵੇ ਤਾਂ ਸ਼ੋਭਾ ਵਧ ਜਾਵੇਗੀ। ਮੈਂ ਕਿਹਾ ਕਿ ਕਿਸੇ ਛੁਟੀ ਵਾਲੇ ਦਿਨ ਆਪ ਹੀ ਲਗਾ ਲਵਾਂਗੇ। ਫਿਰ ਖਿਆਲ ਆਇਆ ਕਿ ਪਹਿਲਾਂ ਹੀ ਬੈਠਕ ਦੀਆਂ ਦੀਵਾਰਾਂ ਚੂਨਾ ਭਰ ਭਰ ਕੇ ਮੁਸ਼ਕਲ ਨਾਲ ਠੀਕ ਕਰਵਾਈਆਂ ਸਨ। ਕਿਉਂ ਨਾ ਆਪਣੇ ਐੱਸਟੇਟ ਆਫਿਸ ਦੇ ਕਿਸੇ ਅੱਛੇ ਕਾਰੀਗਰ ਨੂੰ ਬੁਲਾ ਕੇ ਗੱਟੀਆਂ ਲਗਾ ਕੇ ਦੋ ਮੇਖਾਂ ਲਗਵਾਈਏ। ਫੈਸਲਾ ਸਰਬ-ਸੰਮਤੀ ਨਾਲ ਪਾਸ ਹੋ ਗਿਆ। ਛੋਟੀ ਮੋਟੀ ਮੁਰੰਮਤ ਕਰਨਾ ਅਤੇ ਟੁਟੇ ਫੁਟੇ ਖਿੜਕੀ ਦਰਵਾਜੇ ਨੂੰ ਠੀਕ ਕਰਵਾਉਣਾ ਐਸਟੇਟ ਆਫਿਸ ਦੇ ਅਧੀਨ ਸੀ ਜੋ ਸਾਡੇ ਕਾਰਖਾਨੇ ਦਾ ਇਕ ਅੰਗ ਸੀ।

ਅਗਲੇ ਦਿਨ ਦਫਤਰ ਜਾ ਕੇ ਮੈਂ 10 ਕੁ ਵਜੇ ਐੱਸਟੇਟ ਆਫਿਸ ਨੂੰ ਫੋਨ ਘੁੰਮਾਇਆ।

ਲਉ ਸਾਹਿਬ, ਇਹ ਤਾਂ ਛੋਟਾ ਜਿਹਾ ਕੰਮ ਕਿਹਾ ਤੁਸਾਂ। ਕੋਈ ਹੋਰ ਵੱਡਾ ਕੰਮ ਹੋਵੇ ਤਾਂ ਦੱਸੋ ਸਾਨੂੰ। ਖੈਰ, ਇਸ ਕੰਮ ਲਈ ਪਹਿਲੇ ਲਕੜੀ ਦੀਆਂ ਦੋ ਗੱਟੀਆਂ ਲਗਾ ਦੇਵਾਂਗੇ ਅਤੇ ਫਿਰ ਉੱਤੇ ਮੇਖਾਂ ਜੜ੍ਹ ਦੇਵਾਂਗੇ। ਅੱਜ ਤਾਂ ਸਾਹਿਬ, ਬੰਦੇ ਹੋਰ ਪਾਸੇ ਭੇਜੇ ਹੋਏ ਹਨ। ਅਗਲੇ ਹਫਤੇ ਭੇਜ ਦੇਵਾਂਗਾ। ਫੋਰਮੈਨ ਫੋਨ ਤੇ ਬੋਲਿਆ।

"ਠੀਕ ਹੈ, ਮੈਨੂੰ ਅਗਲੇ ਹਫਤੇ ਇਸ ਕੰਮ ਲਈ ਦੁਬਾਰਾ ਯਾਦ ਨਾ ਕਰਵਾਉਣਾ ਪਏ" ਮੈਂ ਫੋਨ ਰੱਖਦੇ ਉਸਨੂੰ ਪੱਕਾ ਕਰਦੇ ਪੁਛਿਆ।

ਪਹਿਲਾ ਹਫਤਾ ਗੁਜਰ ਗਿਆ। ਦੂਸਰਾ ਵੀ ਨਿਕਲ ਗਿਆ। ਕਾਰਖਾਨੇ ਦੇ ਕੰਮ ਵਿੱਚ ਰੁਝ ਕੇ ਮੈਂ ਵੀ ਭੁਲ ਗਿਆ। ਇਕ ਦਿਨ ਸਵੇਰੇ ਦਫਤਰ ਜਾਣ ਲਗੇ ਤਾਂ ਘਰ ਵਾਲੀ ਨੇ ਯਾਦ ਕਰਵਾਇਆ ਕਿ ਐਸਟੇਟ ਆਫਿਸ ਵਾਲਿਆਂ ਵਲੋਂ ਹਾਲੇ ਤੱਕ ਤਾਂ ਕੋਈ ਨਹੀਂ ਬਹੁੜਿਆ।

ਅੱਛਾ, ਮੈਂ ਅੱਜ ਹੀ ਫੋਨ ਕਰਕੇ ਪਤਾ ਕਰਦਾ ਹਾਂ। ਵੈਸੇ ਜੇ ਇਧਰ ਕਿਸੇ ਕੁਆਟਰ ਵਿਚ ਕੋਈ ਐਸਟੇਟ ਵਾਲਾ ਕਾਮਾ ਨਜ਼ਰ ਆ ਗਿਆ ਤਾਂ ਉਸੇ ਨੂੰ ਬੁਲਾ ਕੇ ਕੰਮ ਕਰਵਾ ਲੈਣਾ ਕਿਹੜਾ ਜ਼ਿਆਦਾ ਕੰਮ ਹੈ," ਮੈਂ ਜੁਆਬ ਦਿੱਤਾ।

"ਮੈਨੂੰ ਇਸ ਨਵੀਂ ਕਲੋਨੀ ਵਿਚ ਕੀ ਪਤਾ ਲਗੇ ਕਿ ਇਥੇ ਐਸਟੇਟ ਆਫਿਸ ਵਾਲੇ ਕਾਮੇ ਕੌਣ ਅਤੇ ਪ੍ਰਾਈਵੇਟ ਆਦਮੀ ਕੌਣ?" ਘਰ ਵਾਲੀ ਉੱਕਾ ਨਾਂਹ ਕਰਦੀ ਬੋਲੀ।

ਮੈਂ ਦਫਤਰ ਪਹੁੰਚਿਆ। ਆਫਿਸ ਦੇ ਕੰਮ ਤੋਂ ਸਿਰ ਖੁਰਕਣ ਨੂੰ ਵੀ ਵਿਹਲ ਨਾ ਮਿਲਦੀ। ਨਵੇਂ ਕੰਮ ਨੂੰ ਸਮਝਣ ਲਈ ਵੀ ਕੁਝ ਸਮਾਂ ਚਾਹੀਦਾ ਸੀ। ਦਫਤਰ ਪਹੁੰਚਦਿਆਂ ਹੀ ਫੋਨ ਤੇ ਫੋਨ ਆਉਣ ਲਗ ਪੈਂਦੇ। ਕਿਤੇ ਪੁਰਾਣੀ ਮਸ਼ੀਨ ਵਿਗੜ ਜਾਂਦੀ ਅਤੇ ਕਿਤੇ ਚੰਗੀ ਭਲੀ ਨਵੀਂ ਨਾ ਚਲਦੀ। ਕਦੇ ਕਿਸੇ ਦਫਤਰ ਦੀ ਮੀਟਿੰਗ ਅਤੇ ਕਦੇ ਕਿਸੇ ਕਾਰੀਗਰ, ਕਾਮੇ ਜਾਂ ਸਟਾਫ ਦੀ ਬਦਲੀ ਜਾਂ ਵਦਾਇਗੀ ਤੇ ਛੋਟਾ ਭਾਸ਼ਨ ਦੇਣਾ ਪੈਂਦਾ। ਇੰਜ ਆਪਣਾ ਕੰਮ ਕਰਵਾਉਣ ਦੀ ਸੁੱਧ ਬੁੱਧ ਭੁੱਲੀ ਰਹਿੰਦੀ।

ਸ਼ਾਮ ਵੇਲੇ ਘਰ ਪਹੁੰਚਿਆ ਤਾਂ ਪਤਨੀ ਦਾ ਮੂੰਹ ਦੇਖ ਕੇ ਫੋਟੋ ਲਗਵਾਉਣ ਦੀ ਯਾਦ ਆਈ। ਬਗੈਰ ਕੋਈ ਬਹਾਨਾ ਬਣਾਏ ਬੋਲਿਆ, ਬਈ ਅੱਜ ਤਾਂ ਅਸੀ ਹੀ ਭੁਲ ਗਏ ਹਾਂ। ਚੰਗਾ, ਕਲ੍ਹ ਨੂੰ ਪਕਾ ਯਾਦ ਨਾਲ ਫਿਰ ਫੋਨ ਕਰਾਂਗਾ। ਗੱਟੀਆਂ ਤਾਂ ਮੈਂ ਹੀ ਲਗਾ ਦਿੰਦਾ ਪਰ ਆਪਣੇ ਪਾਸ ਪੂਰਾ ਸਾਮਾਨ ਵੀ ਨਹੀਂ ਹੈ। ਚਲੋ, ਕਲ੍ਹ ਤਾਂ ਪਕਾ ਰਿਹਾ।'

"ਦੇਖਦੇ ਹਾਂ ਇਸ ਸਾਲ ਸੀਨਰੀ ਲਗ ਜਾਏਗੀ ਕਿ ਨਹੀਂ?" ਉਹ ਸ਼ਾਮ ਦੀ ਚਾਹ ਪਕੜਾਂਦੇ ਬੋਲੀ।

"ਨਹੀਂ ਐਸੀਂ ਗੱਲ ਨਹੀਂ। ਚਾਂਦਨੀ ਦੀਵਾਲੀ ਤਕ ਤਾਂ ਜ਼ਰੂਰ ਲਗਵਾ ਕੇ ਦੇਵਾਂਗਾ", ਮੈਂ ਉਸ ਦਾ ਦਿਲ ਰੱਖਦੇ ਬੋਲਿਆ।

ਅੱਜ ਫਿਰ ਦਫਤਰ ਜਾਣ ਲਗਾ ਤਾਂ ਪਤਨੀ ਨੇ ਛੋਟੇ ਜਿਹੇ ਕਾਗਜ਼ ਤੇ ਐੱਸਟੇਟ ਆਫਿਸ ਵਾਲਿਆਂ ਨੂੰ ਫੋਨ ਕਰਨ ਲਈ ਲਿਖ ਕੇ ਦਿੱਤਾ। ਛੋਟਾ ਕਾਗਜ਼ ਹੋਣ ਕਰਕੇ ਉਹ ਜ਼ੇਬ ਦੇ ਕਿਸੇ ਨੁੱਕਰ ਵਿਚ ਹੀ ਪਿਆ ਰਿਹਾ। ਘਰ ਦੇ ਫੋਨ ਦਾ ਪੂਰਾ ਫਾਇਦਾ ਉਠਾਂਦੇ 11 ਕੁ ਵਜੇ ਪਤਨੀ ਨੇ ਫਿਰ ਯਾਦ ਦੁਆਇਆ। ਮੈਂ ਉਸੇ ਵੇਲੇ ਐਸਟੇਟ ਆਫਿਸ ਦਾ ਨੰਬਰ ਘੁਮਾਇਆ।

ਬਈ, ਤੁਸੀਂ ਤਾਂ ਅਗਲੇ ਹਫਤੇ ਤਕ ਗੱਟੀਆਂ ਲਗਾਉਣ ਦਾ ਵਾਅਦਾ ਕੀਤਾ ਸੀ। ਕੀ ਗੱਲ ਹੈ ਗੱਟੀਆਂ ਲੰਡਨ ਤੋਂ ਆ ਰਹੀਆਂ ਹਨ ਜਾਂ ਫਿਰ ਤੁਹਾਡੇ ਬੰਦੇ ਕੰਮ ਛਡ ਕੇ ਕੁਵੈਤ, ਮਸਕਟ ਭਜ ਗਏ ਹਨ?" ਮੈਂ ਗੁਸੇ ਨੂੰ ਰੋਕਦਾ ਬੋਲਿਆ।

"ਨਹੀਂ ਸਾਹਿਬ, ਮੈਂ ਹੁਣੇ ਪਤਾ ਕਰਕੇ ਦਸਦਾ ਹਾਂ। ਜੇ ਬੰਦੇ ਕਿਤੇ ਨਾ ਭੇਜੇ ਹੋਏ ਤਾਂ ਕਲ੍ਹ ਨੂੰ ਪੱਕਾ ਭਿਜਵਾ ਦੇਵਾਂਗਾ। ਹੁਣ ਤੁਹਾਨੂੰ ਇਸ ਲਈ ਦੁਬਾਰਾ ਫੋਨ ਕਰਨ ਦੀ ਖੇਚਲ ਨਹੀਂ ਦੇਵਾਂਗੇ," ਫੋਰਮੈਨ ਮੇਰੀ ਨਾਰਾਜ਼ ਆਵਾਜ਼ ਨੂੰ ਸਮਝਦਾ ਬੋਲਿਆ।

ਚਲੋ, ਕਲ੍ਹ ਦਾ ਵੀ ਇੰਤਜ਼ਾਰ ਕਰ ਲੈਂਦੇ ਹਾਂ। ਜਿੱਥੇ ਮਹੀਨਾ ਨਿਕਲ ਗਿਆ ਉੱਥੇ ਇਕ ਦਿਨ ਹੋਰ ਸਹੀ," ਮੈਂ ਫੋਨ ਰਖਦੇ ਬੋਲਿਆ।

ਸ਼ਾਮ ਦੀ ਚਾਹ ਪੀ ਕੇ ਮੈਂ ਪਤਨੀ ਨੂੰ ਸੀਨਰੀ ਟਰੰਕ ਚੋਂ ਬਾਹਰ ਕੱਢ ਕੇ ਰਖਣ ਨੂੰ ਕਿਹਾ। ਇਹ ਸੀਨਰੀ ਅਸੀਂ ਸ੍ਰੀ ਨਗਰ ਤੋਂ ਆਪਣਾ ਹਨੀਮੂਨ ਮਨਾਉਂਦਿਆਂ ਖਰੀਦੀ ਸੀ।

ਦੂਸਰੇ ਦਿਨ ਸਵੇਰੇ ਸਵੇਰੇ ਐੱਸਟੇਟ ਆਫਿਸ ਵਲੋਂ ਫੋਨ ਆਇਆ।

"ਸਾਹਿਬ, ਅਜ ਬੰਦੇ ਭੇਜ ਦਿੱਤੇ ਹਨ। ਇਕ ਦੋ ਹੋਰ ਕੁਆਟਰਾਂ ਵਿਚ ਵੀ ਕੰਮ ਸੀ। ਨਾਲ ਹੀ ਤੁਹਾਡਾ ਵੀ ਕਰ ਆਉਣਗੇ। ਸਾਹਿਬ, ਭਰਜਾਈ ਜੀ ਨੂੰ ਘਰ ਤੇ ਹੀ ਰਹਿਣ ਲਈ ਆਖ ਦੇਣਾ ਕਿਤੇ ਇੰਜ ਨਾ ਹੋਵੇ ਕਿ ਕਾਰੀਗਰ ਕੁਆਟਰ ਤੇ ਪਹੁੰਚੇ ਅਤੇ ਮਕਾਨ ਤੇ ਤਾਲਾ ਲਗਾ ਹੋਵੇ," ਫੋਰਮੈਨ ਸਵੇਰ ਦੀ ਖੁਸ਼ਖਬਰੀ ਦਿੰਦਾ ਬੋਲਿਆ।

ਇਕ ਪਲ ਲਈ ਮੈਂ ਸੋਚਾਂ ਵਿਚ ਖੋਹ ਗਿਆ। ਕਿਤਨਾ ਸੁੰਦਰ ਸ੍ਰੀ ਨਗਰ ਸ਼ਹਿਰ ਅਤੇ ਕਿਤਨੀ ਸੋਹਣੀ ਸੀਨਰੀ। ਕਾਰੀਗਰ ਭੀ ਬੜੇ ਧਿਆਨ ਨਾਲ ਲਗਾਏਗਾ। ਨਾਲੇ, ਡਲ੍ਹ ਝੀਲ ਨੂੰ ਯਾਦ ਕਰਕੇ ਪੁਰਾਣੇ ਦਿਨ ਤਾਜ਼ਾ ਹੋ ਜਾਇਆ ਕਰਨਗੇ ਪਰ ਜਦ ਮੈਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਬੈਠਕ ਦੀ ਦੀਵਾਰ ਪਹਿਲਾਂ ਦੀ ਤਰ੍ਹਾਂ ਸਖਣੀ ਦੀ ਸਖਣੀ ਸੀ। ਮੈਨੂੰ ਗੁਸਾ ਆ ਗਿਆ ਅਤੇ ਮੈਂ ਸਿੱਧਾ ਬੈਠਕ ਤੋਂ ਰਸੋਈਖਾਨੇ ਪਹੁੰਚਿਆ ਜਿੱਥੇ ਪਤਨੀ ਸ਼ਾਮ ਦੀ ਚਾਹ ਪੁਣ ਰਹੀ ਸੀ।

"ਕੀ ਬੰਦੇ ਅਜ ਫਿਰ ਨਹੀਂ ਆਏ?" ਮੈਂ ਜ਼ਰਾ ਖਰਵੀ ਆਵਾਜ਼ ਨਾਲ ਪੁੱਛਿਆ?

"ਨਹੀਂ" ਉਹ ਵੀ ਆਪਣੇ ਗੁੱਸੇ ਨੂੰ ਛੁਪਾਂਦੀ ਬੋਲੀ।

"ਹਾਂ ਸੱਚ, ਨਾਲ ਦੇ ਕੁਆਟਰ ਵਿੱਚ ਚਾਰ-ਪੰਜ ਬੰਦੇ ਦੇਖੇ ਸਨ। ਮੈਨੂੰ ਤਾਂ ਪਤਾ ਨਹੀਂ ਕਿ ਉਹ ਕੌਣ ਸਨ। ਉਨ੍ਹਾਂ ਨੇ 10 ਕੁ ਵਜੇ ਅੱਧਾ ਪੌਣਾ ਘੰਟਾ ਕੰਮ ਕੀਤਾ ਅਤੇ ਫਿਰ ਨਾਲ ਦੇ ਪੇੜ ਹੇਠਾਂ ਬੀੜੀਆਂ ਪੀਣ ਬੈਠ ਗਏ ਸਨ", ਪਤਨੀ ਚਾਹ ਫੜਾਉਂਦਿਆਂ ਬੋਲੀ।

"ਹੋ ਸਕਦਾ ਹੈ ਕੋਈ ਸਖਤ ਕੰਮ ਕਰਕੇ ਹਟੇ ਹੋਣ। ਤੁਹਾਨੂੰ ਔਰਤਾਂ ਨੂੰ ਘਰ ਬੈਠਿਆਂ ਕੀ ਪਤਾ ਲਗਦਾ ਹੈ ਕਿ ਕਾਮੇਂ ਵਿਚਾਰੇ ਕਿੰਨਾਂ ਕੰਮ ਕਰਦੇ ਹਨ"? ਮੈਂ ਕਾਰੀਗਰਾਂ ਦੀ ਹਮਾਇਤ ਭਰਦੇ ਬੋਲਿਆ।

ਅਗਲੇ ਦਿਨ ਮੈਂ ਦਫਤਰ ਆਉਂਦੇ ਹੀ ਪਹਿਲਾਂ ਐਸਟੇਟ ਆਫਿਸ ਨੂੰ ਫੋਨ ਕੀਤਾ। ਫੋਰਮੈਨ ਨੇ ਜੁਆਬ ਦਿੱਤਾ ਕਿ ਅੱਜ ਸਿਰਫ ਮੇਰਾ ਕੰਮ ਕਰਨ ਲਈ ਹੀ ਬੰਦੇ ਭੇਜੇ ਸਨ। ਮੈਂ ਸਵੇਰੇ ਸਵੇਰੇ ਗੁੱਸ ਦਿਖਾਉਣ ਦੀ ਬਜਾਏ ਫੋਨ ਨੂੰ ਤੜਾਕ ਕਰਕੇ ਰਖ ਦਿਤਾ।

ਤਿੰਨ ਚਾਰ ਕਾਮੇਂ ਆਪਣੀ ਸਵੇਰੇ ਦੀ ਹਾਜ਼ਰੀ ਲਗਵਾ ਕੇ ਹੌਲੀ ਹੌਲੀ ਚਲ ਕੇ $11\frac{1}{2}$ ਵਜੇ ਤੱਕ ਕੁਆਟਰ ਤੀਕ ਪਹੰਚੇ। ਉਨ੍ਹਾਂ ਨੂੰ ਆਉਂਦਿਆਂ ਦੇਖ ਕੇ ਮਰੀ ਪਤਨੀ ਦਾ ਚਿਹਰਾ ਫੁਲ ਗਿਆ ਕਿ ਮੈਨੂੰ ਵਾਰ ਵਾਰ ਯਾਦ ਕਰਵਾਉਂਦੇ ਰਹਿਣ ਦਾ ਕੁਝ ਫਾਇਦਾ ਹੋਇਆ। ਉਸ ਨੇ ਕਾਰੀਗਰਾਂ ਨੂੰ ਸਮਝਾਇਆ ਕਿ ਉਹ ਕਿਥੇ ਕਿਥੇ ਦੋ ਗਟੀਆਂ ਲਗਵਾ ਕੇ ਮੇਖਾਂ ਲਗਵਾਉਣਾ ਚਾਹੁੰਦੀ ਸੀ।

"ਬੀਬੀ ਜੀ, ਕੋਈ ਸਟੂਲ ਮਿਲੇਗਾ? ਫੋਟੋ ਥੋੜੀ ਉਚਾਈ ਤੇ ਲਗ ਸਕੇਗੀ। ਫਰਸ਼ ਤੇ ਸਿੱਧਾ ਖੜੇ ਹੋ ਕੇ ਤਾਂ ਗੱਟੀਆਂ ਲਗਾਉਣੀਆਂ ਮੁਸ਼ਕਲ ਹਨ", ਕਾਮਿਆਂ ਵਿਚੋਂ ਵਡੇ ਕਾਰੀਗਰ ਨੇ ਕਿਹਾ।

"ਸਾਡੇ ਘਰ ਤਾਂ ਕੋਈ ਸਟੂਲ ਨਹੀਂ ਹੈ ਪਰ ਮੈਂ ਗੁਆਂਢੀ ਦੇ ਘਰੋਂ ਪੁਛ ਲੈਂਦੀ ਹਾਂ," ਉਹ ਜਲਦੀ ਨਾਲ ਬੋਲੀ।

ਥੋੜੀ ਦੇਰ ਬਾਅਦ ਉਹ ਆਪੇ ਹੀ ਖੁਸ਼ੀ ਖੁਸ਼ੀ ਲਕੜੀ ਦਾ ਇਕ ਭਾਰੀ ਸਟੂਲ ਉਨਾ ਕੇ ਲਿਆਈ ਅਤੇ ਇਕ ਕਾਮੇ ਨੇ ਉਸ ਕੋਲੋਂ ਪਕੜ ਕੇ ਫੋਟੋ ਲਗਾਉਣ ਵਾਲੀ ਜਗਾਹ ਤੇ ਰੱਖ ਕੇ ਵੇਖਿਆ।

"ਬੀਬੀ ਜੀ, ਇਹ ਤਾਂ ਛੋਟਾ ਹੈ। ਇਸ ਨਾਲ ਕੰਮ ਸੂਤ ਨਹੀਂ ਆਉਣਾ। ਅੱਛਾ ਅਸੀਂ ਦੁਪਹਿਰ ਨੂੰ ਪੌੜੀ ਲੈ ਕੇ ਆਵਾਂਗੇ," ਵੱਡਾ ਕਾਰੀਗਰ ਬੋਲਿਆ। ਉਹ ਫਿਰ ਸਾਰੇ ਪੇੜ ਹੇਠਾਂ ਬੈਠ ਕੇ ਸਿਗਰਟਾਂ ਪੀਣ ਲਗ ਪਏ ਅਤੇ $12\frac{1}{2}$ ਵਜਦਿਆਂ ਹੀ ਖਾਣਾ ਖਾਣ ਦੀ ਛੁੱਟੀ ਕਰਕੇ ਰਾਹ ਚਲਦੇ ਬਣੇ। ਸ਼ਾਮ ਪੈ ਗਈ ਪਰ ਪੌੜੀ ਨਾ ਪਹੁੰਚੀ।

ਮੈਂ ਘਰ ਆਉਂਦੇ ਪੁੱਛਿਆ, ਕਿਉਂ ਜੀ, ਅੱਜ ਤਾਂ, ਜ਼ਰੂਰ ਆਏ ਹੋਣਗੇ?"

"ਆਏ ਸਨ ਪਰ ਪੌੜੀ ਲੈ ਕੇ ਨਹੀਂ ਸਨ ਆਏ। ਕੀ ਇਨਾਂ ਦੇ ਇੰਨਚਾਰਜ ਇਨਾਂ ਨੂੰ ਪਹਿਲਾਂ ਨਹੀਂ ਦਸ ਸਕਦੇ ਕਿ ਕਿਸ ਕੰਮ ਲਈ ਕਿਹੜੇ ਕਿਹੜੇ ਸਾਮਾਨ ਦੀ ਜ਼ਰੂਰਤ ਪੈਂਦੀ ਹੈ?" ਉਸ ਨੇ ਭੜਕ ਕੇ ਪੁੱਛਿਆ।

"ਭਾਗਵਾਨੇ, ਅਜ ਤੈਂ ਚਾਹ ਬੜੀ ਸੁਆਦ ਬਣਾਈ ਹੈ," ਮੈਂ ਕਾਰਖਾਨੇ ਦੀਆਂ ਗਲਾਂ ਨੂੰ ਉਲਟਾਂਦੇ ਕਿਹਾ।

ਦੂਸਰੇ ਦਿਨ ਮੈਂ ਐਸਟੇਟ ਆਫਿਸ ਦੇ ਫੋਰਮੈਨ ਨੂੰ ਫੋਨ ਤੇ ਹੀ ਨਾਰਾਜ਼ ਹੋਇਆ ਅਤੇ ਉਸ ਦੇ ਸੁਪਰਵਾਈਜ਼ਰ ਦੇ ਛੋਟੀ ਜਿਹੀ ਗੱਲ ਮਗਰ ਪਿੱਛੇ ਪੈਣਾ ਠੀਕ ਨਾ ਸਮਝਿਆ।

ਅੱਜ 9 ਵਜੇ ਹੀ ਇਕ ਕਾਮਾ ਪੌੜੀ ਲੈ ਕੇ ਕੁਆਟਰ ਤੇ ਪਹੁੰਚਿਆ ਅਤੇ ਪੌੜੀ ਰੱਖਕੇ ਜਾਣ ਲੱਗਾ ਤਾਂ ਮੇਰੀ ਘਰ ਵਾਲੀ ਨੇ ਪੁੱਛਿਆ ਕਿ ਗੱਟੀਆਂ ਕੌਣ ਲਗਾਏਗਾ। ਜੁਆਬ ਵਿੱਚ ਕਾਮਾ ਬੋਲਿਆ ਕਿ ਗੱਟੀ ਲਾਉਣ ਲਈ ਦੂਸਰੇ ਆਦਮੀ ਆਉਣਗੇ। ਉਸ ਦਾ ਕੰਮ ਤੇ ਇਕ ਜਗਾਹ ਤੋਂ ਦੂਸਰੀ ਜਗਾਹ ਪੌੜੀ ਪਹੁੰਚਾਣ ਦਾ ਸੀ। ਫਿਰ ਥੋੜ੍ਹਾ ਸੋਚ ਕੇ ਬੋਲਿਆ ਕਿ ਕਲ੍ਹ ਵਾਲੇ ਦੋ ਬੰਦੇ ਤਾਂ ਸ਼ਾਂਇਦ ਅੱਜ ਡਿਊਟੀ ਤੇ ਹੀ ਨਹੀਂ ਆਉਣਗੇ ਕਿਉਂਕਿ ਛੁੱਟੀ ਲੈ ਕੇ ਚਲੇ ਗਏ ਸਨ।

ਹੁਣ ਮੈਂ ਫੋਟੋ ਲਗਵਾਉਣ ਬਾਰੇ ਸੋਚਣਾ ਅਤੇ ਪੁੱਛਣਾ ਹੀ ਬੰਦ ਕਰ ਦਿੱਤਾ। ਸ਼ਾਮ ਨੂੰ ਕਦੇ ਕਦੇ ਪਤਨੀ ਨੂੰ ਆਪਣੇ ਦੋਸਤਾਂ ਮਿਤਰਾਂ ਦੇ ਘਰ ਲੈ ਜਾਂਦਾ ਅਤੇ ਕਦੇ ਸ਼ਹਿਰ ਜਾ ਕੇ ਫਿਲਮ ਦੇਖ ਆਉਂਦੇ। ਵਿਆਹ ਹੋਏ ਨੂੰ ਹਾਲੇ 6 ਕੁ ਮਹੀਨੇ ਹੀ ਹੋਏ ਸਨ।

ਦੂਸਰੇ ਦਿਨ ਨਵਾਂ ਕਾਰੀਗਰ ਗੱਟੀਆਂ ਲਾਉਣ ਆਇਆ। ਉਸ ਦੇ ਕਪੜੇ ਦੁੱਧ ਵਰਗੇ ਚਿੱਟੇ ਸਨ ਅਤੇ ਮੂੰਹ ਤੋਂ ਬੀੜੀਆਂ ਦੀ ਬੋਅ ਆ ਰਹੀ ਸੀ।

"ਅੱਜ ਬੀਬੀ ਜੀ, ਹਥੌੜੀ ਉਠਾਣੇ ਵਾਲਾ ਕਾਮਾ ਨਹੀਂ ਆਇਆ। ਮੈਂ ਦੁਪਹਿਰ ਤੋਂ ਬਾਅਦ ਕਿਸੇ ਦੂਸਰੇ ਕਾਮੇ ਨੂੰ ਫੜਕੇ ਤੁਹਾਡਾ ਕੰਮ ਕਰਵਾ ਦੇਵਾਂਗਾ। ਤੁਹਾਡੇ ਪਤੀ ਸਾਹਿਬ ਬੜੇ ਅੱਛੇ ਅਫਸਰ ਹਨ। ਤੁਸੀਂ ਫਿਕਰ ਨਾ ਕਰੋ, ਮੈਂ ਦੁਪਹਿਰ ਤੋਂ ਬਾਅਦ ਪਹਿਲਾਂ ਤੁਹਾਡੇ ਕੰਮ ਤੋਂ ਹੀ ਸ਼ੁਰੂ ਕਰਾਂਗਾ," ਇਹ ਕਹਿ ਕੇ ਉਹ ਦੁਪਹਿਰ ਦਾ ਖਾਣਾ ਖਾਣ ਚਲਾ ਗਿਆ ਅਤੇ ਉਸ ਨੇ ਸ਼ਾਮ ਤੱਕ ਮੂੰਹ ਨਾ ਦਿਖਾਇਆ।

ਅੱਜ ਪਤਨੀ ਗੁੱਸੇ ਨਾਲ ਨੱਕੋ ਨੱਕ ਭਰੀ ਹੋਈ ਸੀ। ਮੈਂ ਉਸ ਦੇ ਗੁੱਸੇ ਦਾ ਕਾਰਨ ਭਲੀ ਭਾਂਤ ਸਮਝਦਾ ਸਾਂ। ਹਸਾਉਣ ਦੇ ਮਾਰੇ ਬੋਲਿਆ, "ਅੱਜ ਦੁਪਹਿਰ ਦੇ ਖਾਣੇ ਤੇ ਕਰੇਲੇ ਕੁਝ ਕੌੜੇ ਰਹਿ ਗਏ ਸਨ।" ਉਹ ਥੋੜਾ ਠੰਡਾ ਹੋ ਕੇ ਬੋਲੀ, "ਜੇ ਇਕ ਮੇਖ ਲਗਵਾਉਣ ਲਈ ਇੰਨੇ ਦਿਨ ਲਗਦੇ ਹਨ ਤਾਂ ਦੂਸਰੇ ਕੰਮਾਂ ਨੂੰ ਭੁਗਤਾਉਣ ਲਈ ਕਿੰਨੇ ਕੁ ਵਰ੍ਹੇ ਲਗਦੇ ਹੋਣਗੇ?"

ਮੈਂ ਗੱਲ ਨੂੰ ਉਲਟਾਂਦੇ ਬੋਲਿਆ, "ਸਿਆਣਿਆਂ ਨੇ ਕਿਹਾ ਹੈ ਕਿ ਉੱਤਮ ਖੇਤੀ, ਮੱਧਮ ਵਿਉਪਾਰ, ਨਿਖਿੱਧ ਚਾਕਰੀ, ਭੀਖ ਨਾਦਾਰ। ਭਾਗਵਾਨੇ, ਜੇ ਕਿਸੇ ਨੂੰ ਨੌਕਰੀ ਪਸੰਦ ਨਾ ਆਏ ਤਾਂ ਅਸਤੀਫਾ ਦੇਣ ਤੋਂ ਕੋਈ ਨਹੀਂ ਰੋਕਦਾ।"

ਅਗਲੇ ਦਿਨ ਕਾਰੀਗਰ ਦੁਪਹਿਰ ਦੇ ਖਾਣੇ ਤੋਂ 5 ਮਿੰਟ ਪਹਿਲਾਂ ਆਇਆ। ਚਿਹਰੇ ਤੇ ਸ਼ਰਮ ਜਾਂ ਅਫਸੋਸ ਦਾ ਨਾਮੋ ਨਿਸ਼ਾਨ ਨਹੀਂ ਸੀ। ਆਉਂਦਾ ਬੋਲਿਆ, "ਬੀਬੀ ਜੀ, ਇਕ ਸਟੂਲ ਦਾ ਇੰਤਜ਼ਾਮ ਕਰ ਦੇਵੋ। ਮੈ ਖਾਣਾ ਖਾਣ ਤੋਂ ਪਹਿਲਾਂ ਸੋਚਿਆ ਕਿ ਤੁਹਾਡੀ ਫੋਟੋ ਹੀ ਲਗਾ ਦੇਵਾਂ।"

ਘਰਵਾਲੀ ਆਪਣਾ ਗੁੱਸਾ ਨਾ ਰੋਕਦੇ ਬੋਲੀ, "ਕਦੇ ਤੁਹਾਨੂੰ ਲੋਕਾਂ ਨੂੰ ਸਟੂਲ ਚਾਹੀਦਾ ਹੈ, ਕਦੇ ਪੌੜੀ ਚਾਹੀਦੀ ਹੈ, ਕਦੇ ਹਥੌੜਾ ਫੜਾਉਣ ਲਈ ਕਾਮਾ ਚਾਹੀਦਾ ਹੈ। ਜੇ ਦੋ ਗੱਟੀਆਂ ਲਾਉਣ ਦੀ ਨੀਅਤ ਹੈ ਤਾਂ ਲਗਾਉ ਨਹੀਂ ਤਾਂ ਅਸੀਂ ਆਪੇ ਕਿਸੇ ਪ੍ਰਾਈਵੇਟ ਬੰਦੇ ਕੋਲੋਂ ਕੰਮ ਕਰਾ ਲਵਾਂਗੇ। ਮੈਂ ਕੋਈ ਤੇਰੀ ਨੌਕਰ ਨਹੀਂ ਹਾਂ ਜੋ ਸਟੂਲ ਲਿਆ ਲਿਆ ਕੇ ਦੇਵਾਂ।"

ਕਾਰੀਗਰ ਨੇ ਆਪੇ ਪੌੜੀ ਲਿਆਂਦੀ ਅਤੇ ਚਾਰ ਪੰਜ ਮਿੰਟਾਂ ਵਿੱਚ ਦੀਵਾਰ ਤੇ ਠੋਕਾ ਠਾਕੀ ਕਰਕੇ ਚਲਦਾ ਬਣਿਆ।

ਜਦ ਮੈਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਪਤਨੀ ਦਾ ਚਿਹਰਾ ਫੁੱਲ ਵਾਂਗ ਖਿੜਿਆ ਹੋਇਆ ਸੀ। ਦੂਰੋਂ ਦੇਖ ਕੇ ਬੋਲੀ, "ਮਿਸਟਰ, ਜੋ ਕੰਮ ਤਸੀਂ ਲੋਕ ਮਹੀਨਿਆਂ ਤੱਕ ਨਹੀਂ ਕਰਵਾ ਸਕਦੇ ਉਹ ਅੱਜ ਮੈਂ ਰੋਅਬ ਮਾਰ ਕੇ 5 ਮਿੰਟਾਂ ਵਿਚ ਕਰਵਾ ਮਾਰਿਆ ਹੈ।"

"ਅੱਛਾ, ਫਿਰ ਤੇ ਅੱਜ ਮੈਂ ਵੀ, ਮੈਦਾਨ ਫਤਿਹ ਕਰ ਲਿਆ ਹੈ। ਜਿਸ ਕੁਰਸ਼ੀ ਤੇ ਅਸਲ ਵਿੱਚ ਮੈਂ ਬੈਠਦਾ ਹਾਂ, ਉਸ ਉਤੇ ਤਾਂ ਤੈਨੂੰ ਬੈਠਣਾ ਚਾਹੀਦਾ ਹੈ। ਚਲੋ ਪਹਿਲਾਂ ਤੇਰੀ ਫੋਟੋ ਦੇਖੀਏ", ਮੈਂ ਉਸ ਦੀ ਖੁਸ਼ੀ ਵਡਾਂਦੇ ਬੋਲਿਆ।

ਟੰਗੀ ਸ਼ੀਨਰੀ ਸਾਫ ਟੇਢੀ ਲੱਗੀ ਨਜ਼ਰ ਆ ਰਹੀ ਸੀ। ਮੈਂ ਉਸ ਦਾ ਦਿਲ ਰਖਦੇ ਕਿਹਾ, "ਇੰਨਾਂ ਕੁ ਟੇਢਾਪਨ ਤਾਂ ਅੱਜ ਦੇ ਜ਼ਮਾਨੇ ਵਿੱਚ ਚਲਦਾ ਹੈ, ਭਾਗਵਾਨੇ।"

ਦੂਸਰੇ ਦਿਨ ਅਸੀਂ ਸ਼ਾਮ ਦੀ ਚ੍ਹਾਹ ਇਕੱਠੇ ਪੀ ਰਹੇ ਸਾਂ। ਕੁਝ ਦੇਰ ਬਾਅਦ ਇਕ ਹਵਾ ਦਾ ਬੁਲ੍ਹਾ ਥੋੜੇ ਜੋਰ ਨਾਲ ਆਇਆ। ਫੋਟੋ ਗੱਟੀਆਂ ਅਤੇ ਮੇਖਾਂ ਸਮੇਤ ਕੰਧ ਵਿਚੋਂ ਨਿਕਲ ਕੇ ਭੁੰਜੇ ਡਿਗ ਪਈ। ਸਾਰਾ ਫਰਸ਼ ਸ਼ੀਸ਼ੇ ਦੇ ਟੁਕੜਿਆਂ ਨਾਲ ਭਰਿਆ ਪਿਆ ਸੀ।

—○—

(ਪੰਨਾ 16 ਦੀ ਬਾਕੀ)

ਵਿੱਚ ਲੈ ਆਵੇਗਾ।

ਸੁਰਜੀਤ ਗਿੱਲ ਨੇ 'ਜ਼ਖਮੀ ਅਤੀਤ' ਨੂੰ ਪੜ੍ਹਕੇ ਇੱਕ ਵੱਖਰਾ ਨਿਰਣਾ ਲਿਆ ਹੈ। ਮੈਂ ਇਸ ਨਿਰਣੇ ਨਾਲ ਸਹਿਮਤ ਤਾਂ ਹੋ ਸਕਦਾ ਹਾਂ, ਪਰ ਨਾਵਲ ਲਿਖਣ ਤੋਂ ਪਹਿਲਾਂ ਅਜਿਹਾ ਸਿੱਧ ਕਰਨਾ ਮੇਰਾ ਆਸ਼ਾ ਨਹੀਂ ਸੀ। ਉਹ ਲਿਖਦਾ ਹੈ—"ਨਾਵਲਕਾਰ ਨੇ ਪਹਿਲੀ ਵੇਰ ਅਜਿਹੇ ਪਾਤਰ ਸਿਰਜੇ ਹਨ, ਜਿਹੜੇ ਜਗੀਰਦਾਰੀ ਸੋਚ ਦੀ ਲਛਮਣ ਰੇਖਾ ਟੱਪ ਕੇ ਬੁਰਜੁਵਾ ਸੋਚ ਤੇ ਅਮਲ ਨੂੰ ਗ੍ਰਹਿਣ ਕਰਦੇ ਹਨ। ਜਿੱਥੇ ਇਹ ਜਗੀਰਦਾਰੀ ਪ੍ਰਥਾ ਦੇ ਉਲਟ ਬਗਾਵਤ ਹੈ, ਉਥੇ ਬੁਰਜੁਵਾ ਪ੍ਰਥਾ ਦੀ ਖੁਦ-ਗਰਜ਼ੀ ਤੇ ਨਿਰਦਈਪੁਣੇ ਨੂੰ ਵੀ ਨੰਗਾ ਕਰਦਾ ਹੈ। ਨਾਇਕਾ ਆਪਣਾ ਨਿੱਜੀ ਜੀਵਨ ਉਸਾਰਨ ਦੀ ਖੁਦਗਰਜ਼ੀ ਅਧੀਨ ਮਾਸੂਮ ਬੱਚੇ ਤੇ ਸੱਸ ਵਲ ਨਿਰਦਈ ਹੋ ਜਾਂਦੀ ਹੈ। ਬੁਰਜੁਵਾ ਪ੍ਰਥਾ ਦੀ ਇਹੋ ਦੇਣ ਹੈ ਕਿ ਉਹ ਜਗੀਰਦਾਰੀ ਪ੍ਰਥਾ ਦੀ ਅਖੌਤੀ ਸਮੂਹਨਤਾ ਨੂੰ ਤੋੜ ਕੇ ਵਿਅਕਤੀ ਨੂੰ ਖੁਦ ਗਰਜ਼ ਬਣਾਉਂਦੀ ਹੈ। ਇਹੋ ਖੁਦਗਰਜ਼ੀ ਅੱਗੇ ਚੱਲ ਕੇ ਸਾਰੀਆਂ ਕੁਰਪਸ਼ਨਾਂ ਦਾ ਮੁੱਢ ਬੰਨ੍ਹਦੀ ਹੈ। ਇਸ ਤਰ੍ਹਾਂ ਇਹ ਨਾਵਲ ਅਣਖੀ ਦੀ ਇੱਕ ਅਹਿਮ ਪ੍ਰਾਪਤੀ ਹੈ, ਜਿਹੜੀ ਜਗੀਰਦਾਰੀ ਤੇ ਬੁਰਜੁਵਾ ਸੋਚ ਨੂੰ ਨੰਗਾ ਕਰਦੀ ਹੈ।"

—○—

ਇਹ ਪੰਜਾਬ ਦਾ ਸੂਬਾ ਅਗਾਂਹ ਸਭ ਤੋਂ
ਖੇਤੀ ਕਾਮਿਆਂ ਦੀ ਉਜਰਤ ਵੀ ਮਿਥ ਦਿਤੀ
ਉਹ ਵੀ ਘਟ ਨਾ ਸ਼ਹਿਰਾਂ ਤੋਂ ਰਹਿਣ. ਕਿਧਰੇ,
ਸੁੱਖ, ਸੁਵਿਧਾ ਜਾਕੇ ਪਿੰਡਾਂ ਦੇ ਵਿਚ ਦਿਤੀ।

ਮਈ, 1984 ਮੁੱਲ 75 ਪੈਸੇ

# ਜਾਗ੍ਰਤੀ



## ਉੱਤਰ ਪ੍ਰਦੇਸ ਦੀ ਪੰਜਾਬੀ ਸਾਹਿੱਤ ਨੂੰ ਦੇਣ

### ਇਸ ਅੰਕ ਦੇ ਵਿਸ਼ੇਸ਼ ਲੇਖਕ

- ਗਿ. ਲਾਲ ਸਿੰਘ
- ਮੇਜਰ ਦਲਵਿੰਦਰ ਸਿੰਘ ਗਰੇਵਾਲ
- ਡਾ. ਸਾਇਆ ਵਿਨੇਸ਼
- ਅਮਰਜੀਤ ਸਿੰਘ ਬਲਗੀਰ
- ਹਰਚਰਨ ਸਿੰਘ ਸ਼ੈਦਾ
- ਜੈ ਸਿੰਘ ਸੁਗਲ
- ਪ੍ਰੇਮ ਸਿੰਘ ਪਾਰਸ
- ਤਿਲਕ ਰਾਜ ਗੋਸਵਾਮੀ
- ਤਰਲੋਕ ਮਨਸੂਰ
- ਸੀ. ਐਲ. ਨਾਜ਼

# ਹਰੀਜਨ

ਅਮਰਜੀਤ ਸਿੰਘ ਬਲਗੀਰ

"ਵੇ ਕਿਉਂ ਸਿੱਧਾ ਅੰਦਰ ਵੜੀ ਜਾਂਦਾ ਏਂ ?" ਦਾਦੀ ਮਾਂ ਕੜਕਦੀ ਆਵਾਜ਼ ਨਾਲ ਬੋਲੀ। "ਚਲ ਪਹਿਲਾਂ ਬੂਹੇ ਤੋਂ ਬਾਹਰ ਨਿਕਲ" ਉਹ ਮੇਰੀ ਕਮਜ਼ੋਰ ਬਾਂਹ ਨੂੰ ਫੜਕੇ ਦਰਵਾਜ਼ੇ ਵਲ ਘਸੀਟ ਕੇ ਲਿਜਾਂਦੀ ਬੋਲੀ।

"ਪਤਾ ਨਹੀਂ ਕਿਨ੍ਹਾਂ ਕਿਨ੍ਹਾਂ ਛੋਕਰਿਆਂ ਨਾਲ ਖੇਡ ਕੇ ਆਇਆ ਹੋਵੇਂਗਾ। ਪੁੱਤਰ ਹੁਣ ਕੁਝ ਤੂੰ ਵੀ ਸੁੱਚ ਰੱਖਣੀ ਸਿੱਖ ਲੈਅ। ਹੁਣ ਤੂੰ ਵੱਡਾ ਹੋ ਗਿਆ ਏਂ।" ਦਾਦੀ ਮਾਂ ਮੇਰੇ ਉਤੇ ਗੰਗਾ ਜਲ ਛਿੜਕਦੀ ਬੋਲੀ।

ਜਦੋਂ ਵੀ ਮੈਂ ਸਕੂਲ ਤੋ ਪੜ੍ਹਕੇ ਘਰ ਵਾਪਸ ਆਉਂਦਾ, ਦਾਦੀ ਮਾਂ ਗੰਗਾ ਜਲ ਛਿੜਕੇ ਬਗੈਰ ਘਰ 'ਚ ਪੈਰ ਨਾ ਪਾਉਣ ਦਿੰਦੀ। ਸਕੂਲ ਲਾਗਲੇ ਪਿੰਡ ਵਿੱਚ 4–5 ਮੀਲ ਦੀ ਦੂਰੀ ਤੇ ਸੀ। ਘਰ ਆਉਂਦੇ ਆਉਂਦੇ ਬੁਰੀ ਤਰ੍ਹਾਂ ਭੁੱਖ ਲੱਗੀ ਹੁੰਦੀ। ਜੇ ਕਦੇ ਘਰ ਆਏ ਤੇ ਦਰਵਾਜ਼ਾ ਅੰਦਰੋਂ ਚਿਟਕਣੀ ਨਾਲ ਬੰਦ ਹੋਇਆ ਮਿਲਦਾ ਤਾਂ ਚਿਹਰਾ ਗੁੱਸੇ ਨਾਲ ਲਾਲ ਪੀਲਾ ਹੋ ਜਾਂਦਾ। ਉਨਾਂ ਚਿਰ ਮੁੱਕੀਆਂ ਮਾਰਦਾ ਨਾ ਹਟਦਾ ਜਿੰਨਾਂ ਚਿਰ ਘਰ ਦਾ ਕੋਈ ਜੀਅ ਉੱਠ ਕੇ ਖੋਲ੍ਹ ਨਾ ਦਿੰਦਾ। ਬੱਸ ਫਿਰ ਭੁੱਖੇ ਸ਼ੇਰ ਵਾਂਗ ਜਿਹੋ ਜਿਹਾ ਖਾਣਾ ਮਿਲਦਾ, ਪੂਰਾ ਖਾ ਪੀ ਕੇ ਸਾਹ ਲੈਂਦਾ।

ਮੈਂ ਉਨ੍ਹਾਂ ਦਿਨਾਂ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸਾਂ। ਆਪਣੇ ਪਿੰਡ ਦਾ ਸਕੂਲ ਸਿਰਫ ਚਾਰ ਜਮਾਤਾਂ ਤੱਕ ਸੀ। ਜਿਨ੍ਹਾਂ ਲੜਕਿਆਂ ਨੇ ਹਾਈ ਸਕੂਲ ਵਿੱਚ ਦਾਖਲਾ ਲੈਣਾ ਹੁੰਦਾ ਉਹ ਲਾਗੇ ਦੇ ਪਿੰਡਾਂ ਦੇ ਸਕੂਲਾਂ ਵਿੱਚ ਚਲੇ ਜਾਂਦੇ। ਸਾਡੇ ਪਿੰਡ ਦਾ ਇਕ ਚਪੜਾਸੀ ਸੀ। ਉਹ ਆਪਣੇ ਸਕੂਲ ਦੀਆਂ ਸਿਫਤਾਂ ਕਰਦਾ ਨਾ ਥੱਕਦਾ। ਉਸਦਾ ਸਕੂਲ ਤਾਂ ਕਾਫੀ ਦੂਰ ਹੁੰਦਾ ਪਰ ਫਿਰ ਵੀ ਹਰ ਸਾਲ 5–6 ਲੜਕੇ ਉਸਦੀਆਂ ਗੱਲਾਂ ਵਿੱਚ ਆਕੇ ਦਾਖਲਾ ਲੈ ਹੀ ਲੈਂਦੇ। ਇਸੇ ਬਹਾਨੇ ਲੜਕਿਆਂ ਨਾਲ ਉਸਨੂੰ ਆਉਣ ਜਾਣ ਦਾ ਸਾਥ ਮਿਲ ਜਾਂਦਾ। ਇਕ ਹੋਰ ਹਾਈ ਸਕੂਲ ਸੀ ਜੋ ਸਾਡੇ ਪਿੰਡ ਤੋਂ 6–7 ਮੀਲ ਦੀ ਦੂਰੀ ਤੇ ਸੀ। ਉੱਥੇ ਸਾਡੇ ਪਿੰਡ ਦਾ ਹੈੱਡਮਾਸਟਰ ਸੀ। ਕੁਝ ਲੜਕੇ ਫੀਸਾਂ ਮੁਆਫ ਕਰਵਾਉਣ ਲਈ ਉਥੇ ਵੀ ਦਾਖਲਾ ਲੈ ਲੈਂਦੇ। ਪਰ ਕੋਈ ਵੀ ਸਕੂਲ 4–5 ਮੀਲ ਤੋਂ ਨੇੜੇ ਨਹੀਂ ਸੀ ਪੈਂਦਾ।

ਇਸ ਸਾਲ ਸਾਡੇ ਪਿੰਡ ਦਾ ਸਕੂਲ ਚੌਥੀ ਜਮਾਤ ਤੋਂ ਵਧਾ ਕੇ ਪੰਜਵੀਂ ਤੱਕ ਕਰ ਦਿੱਤਾ ਗਿਆ। ਲਾਗੇ ਸਕੂਲਾਂ ਵਿੱਚ ਅੰਗਰੇਜ਼ੀ ਪੜ੍ਹਾਉਣੀ ਪੰਜਵੀਂ ਜਮਾਤ ਤੋਂ ਸ਼ੁਰੂ ਹੁੰਦੀ ਪਰ ਸਾਡੇ ਪਿੰਡ ਦੇ ਸਕੂਲ ਵਿੱਚ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਨਹੀਂ ਹੋਈ ਸੀ। ਸਰਕਾਰੀ ਸਕੂਲ ਹੋਣ ਕਰਕੇ ਪਿੰਡ ਦੇ ਸਕੂਲ ਦੀ ਫ਼ੀਸ ਵੀ ਬਹੁਤ ਘੱਟ ਸੀ। ਸੋ ਮੇਰੇ ਕਈ ਹਮਜਮਾਤੀ ਚੌਥੀ ਜਮਾਤ ਪਾਸ ਕਰਕੇ ਪੰਜਵੀਂ ਪਿੰਡ ਦੇ ਸਕੂਲ ਵਿੱਚ ਹੀ ਕਰਨ ਲੱਗ ਪਏ ਪਰ ਮੇਰੇ ਘਰਦਿਆਂ ਨੇ ਅੰਗਰੇਜ਼ੀ ਦੀ ਪੜ੍ਹਾਈ ਨੂੰ ਸਾਹਮਣੇ ਰਖਦੇ ਹੋਏ ਮੇਰਾ ਦਾਖਲਾ ਲਾਗੇ ਪਿੰਡ ਦੇ ਸਕੂਲ ਵਿੱਚ ਕਰਵਾ ਦਿੱਤਾ। ਪਿੰਡ ਦੇ ਸਕੂਲ ਦੇ ਹੈੱਡਮਾਸਟਰ ਨੂੰ ਮੇਰਾ ਪਿੰਡ ਦਾ ਸਕੂਲ ਛੱਡ ਕੇ ਜਾਣਾ ਪਸੰਦ ਨਹੀਂ ਸੀ ਕਿਉਂਕਿ ਮੇਰੇ ਚੌਥੀ ਜਮਾਤ ਵਿੱਚ ਸਭ ਤੋਂ ਜਿਆਦਾ ਨੰਬਰ ਆਏ ਸਨ। ਹਾਲਾਂਕਿ ਉਹ ਉਸੇ ਪਿੰਡ ਦਾ ਰਹਿਣ ਵਾਲਾ ਸੀ ਜਿੱਥੇ ਮੈਂ ਪੰਜਵੀਂ ਜਮਾਤ ਵਿੱਚ ਦਾਖਲਾ ਲਿਆ ਸੀ ਪਰ ਕਈ ਸਾਲ ਗੁਜ਼ਾਰਨ ਕਰਕੇ ਉਸਦੀ ਸਾਡੇ ਪਿੰਡ ਦੇ ਸਕੂਲ ਨਾਲ ਵਫਾਦਾਰੀ ਜਾਇਦਾ ਵੱਧ ਗਈ ਸੀ। ਮੇਰਾ ਦਾਖਲਾ ਲੈਣ ਦਾ ਦੂਸਰਾ ਕਾਰਣ ਇਹ ਸੀ ਕਿ ਮੇਰੇ ਵੱਡੇ ਭਰਾ ਉਸੇ ਹਾਈ ਸਕੂਲ ਵਿਚ ਪੜ੍ਹੇ ਸਨ।

ਦਿਲਬਾਗ ਸਿੰਘ ਅਤੇ ਬਚਿੰਤ ਸਿੰਘ ਦੋ ਹਰੀਜਨਾਂ ਦੇ ਮੁੰਡੇ ਸਨ। ਦਿਲਬਾਗ ਮੇਰਾ ਹਮਜਮਾਤੀ ਸੀ ਪਰ ਬਚਿੰਤ ਸਿੰਘ ਤੀਸਰੀ ਜਮਾਤ ਵਿੱਚ ਫੇਲ੍ਹ ਹੋ ਗਿਆ ਸੀ ਅਤੇ ਬਾਅਦ ਵਿੱਚ ਮੇਰਾ ਹਮਜਮਾਤੀ ਬਣ ਗਿਆ ਸੀ। ਦੋਹਾਂ ਦੇ ਘਰ ਵਾਲੇ ਅਮੀਰ ਨਹੀਂ ਸਨ। ਜਦੋਂ ਮੈਂ ਲਾਗੇ ਪਿੰਡ ਦੇ ਸਕੂਲ ਵਿੱਚ ਦਾਖਲਾ ਲੈ ਲਿਆ ਤਾਂ ਦਿਲਬਾਗ ਅਤੇ ਬਚਿੰਤ ਸਿੰਘ ਘਰ ਦੀ ਮਾਇਕ ਹਾਲਤ ਨੂੰ ਦੇਖਦੇ ਹੋਏ ਪਿੰਡ ਦੇ ਸਕੂਲ ਵਿੱਚ ਹੀ ਪੜ੍ਹਦੇ ਰਹੇ। ਜਦੋਂ ਉਨ੍ਹਾਂ ਪੰਜਵੀਂ ਜਮਾਤ ਪਾਸ ਕਰ ਲਈ ਤਾਂ ਬਚਿੰਤ ਸਿੰਘ ਨੇ ਸਾਡੇ ਸਕੂਲ ਵਿੱਚ ਦਾਖਲਾ ਲੈ ਲਿਆ ਪਰ ਦਿਲਬਾਗ ਸਿੰਘ ਪਿੰਡ ਦੇ ਚਪੜਾਸੀ ਵਾਲੇ ਸਕੂਲ ਜਾਣ ਲੱਗ ਪਿਆ। ਪਿੰਡ ਦੇ ਸਾਰੇ ਮੁੰਡੇ ਦਿਲਬਾਗ ਨੂੰ ਬਾਗ ਜਾਂ ਬਾਗਾ ਅਤੇ ਬਚਿੰਤ ਸਿੰਘ ਨੂੰ ਬਚਿੰਤਾ ਕਹਿ ਕੇ ਬੁਲਾਂਦੇ। ਹੌਲੀ ਹੌਲੀ ਮੇਰੀ ਉਨ੍ਹਾਂ ਨਾਲ ਕਾਫੀ ਦੋਸਤੀ ਹੋ ਗਈ।

ਇਕ ਦਿਨ ਮੇਰੀ ਬੀਬੀ (ਮਾਂ) ਨੇ ਮੈਨੂੰ ਕਿਤੇ ਬਾਗੇ ਅਤੇ ਬਚਿੰਤੇ ਨਾਲ ਖੇਡਦੇ ਦੇਖ ਲਿਆ। ਉਸ ਦਾ ਪਾਰਾ ਚੜ੍ਹ ਗਿਆ। ਉਸ ਨੂੰ ਸਾਡਾ ਹਰੀਜਨਾਂ ਦੇ ਮੁੰਡਿਆਂ ਨਾਲ ਖੇਡਣਾ ਬਿਲਕੁਲ ਪਸੰਦ ਨਹੀਂ ਸੀ। ਸ਼ਾਮ ਨੂੰ ਮੇਰੇ ਕੰਨ ਨੂੰ ਮਰੋੜਦੀ ਬੋਲੀ, 'ਤੈਨੂੰ ਕਿੰਨੀ ਵਾਰ ਸਮਝਾਇਆ ਕਿ ਹਰੀਜਨਾਂ ਦੇ ਛੋਕਰਿਆਂ ਨਾਲ ਨਾ ਖੇਡਿਆ ਕਰ। ਉਨ੍ਹਾਂ ਦੇ ਬਜ਼ੁਰਗ ਤਾਂ ਸਾਡੇ ਬਜ਼ੁਰਗਾਂ ਦੇ ਕਾਮੇ ਹੁੰਦੇ ਸਨ ਅਤੇ ਉਨ੍ਹਾਂ ਦੀਆਂ ਜੁਤੀਆਂ ਗੰਢ ਕੇ ਦਿਆ ਕਰਦੇ ਸਨ। ਉਹ ਤਾਂ ਮੱਝਾਂ ਝੋਟਿਆਂ ਦਾ ਮਾਸ ਵੀ ਖਾ ਜਾਂਦੇ ਹਨ। ਜੇ ਕਿਤੇ ਤੂੰ ਉਨ੍ਹਾਂ ਦੇ ਘਰ ਚਲਾ ਗਿਆ ਤਾਂ ਤੈਨੂੰ ਵੀ ਖੁਆ ਦੇਣਗੇ। ਹੋਰ ਜਹਾਨ ਵਿੱਚ ਥੋਹੜੇ ਮੁੰਡੇ ਹਨ ਖੇਲਣ ਨੂੰ। ਸਿਰਫ ਤੂੰ ਉਨ੍ਹਾਂ ਨਾਲ ਹੀ ਖੇਡਣਾ ਹੁੰਦਾ ਏ ? ਖਬਰਦਾਰ, ਮੈਂ ਤੈਨੂੰ ਅੱਗੋਂ ਘਰ ਨਹੀਂ ਵੜਨ ਦੇਣਾ। ਜੇ ਫਿਰ ਉਨ੍ਹਾਂ ਨਾਲ ਖੇਡਦੇ ਵੇਖਿਆ। ਪਾਗਲਾ ਤੈਂ ਸਾਡਾ ਧਰਮ ਕਿਉਂ ਭਰਿਸ਼ਟ ਕਰਨਾ ਲਿਆ ਹੈ ? ਉਹ ਗੁੱਸੇ ਵਿੱਚ ਕਈ ਦੇਰ ਮੈਨੂੰ ਝਾੜ ਪਾਉਂਦੀ ਰਹੀ।

ਬਚਪਨ ਵਿੱਚ ਕਈ ਵਾਰ ਮਾਂ-ਬਾਪ ਜਿਨ੍ਹਾਂ ਗੱਲਾਂ ਤੋਂ ਵਰਜਣ, ਬੱਚੇ ਉਹੀ ਕੰਮ ਕਰਕੇ ਮਜ਼ਾ ਲੈਣ ਲੱਗ ਪੈਂਦੇ ਹਨ। ਮੈਂ ਅਗਲੇ ਦਿਨ ਫਿਰ ਦਿਲਬਾਗ ਅਤੇ ਬਚਿੰਤ ਸਿੰਘ ਦੇ ਘਰ ਚਲਾ ਜਾਂਦਾ। ਉਨ੍ਹਾਂ ਦੋਹਾਂ ਦੇ ਘਰ ਵਾਲੇ ਮੈਨੂੰ ਬੜਾ ਪਿਆਰ ਕਰਦੇ। ਕਈ ਵਾਰ ਤਾਂ ਪਿੰਡ ਦੇ ਸਰਪੰਚ ਤੋਂ ਵੀ ਵਧ ਕੇ ਆਦਰ ਮਾਣ ਦਿੰਦੇ। ਮੈਨੂੰ ਉਨ੍ਹਾਂ ਦੇ ਘਰ ਬੈਠੇ ਨੂੰ ਦੇਖ ਕੇ ਆਂਢ ਗੁਆਂਢ ਦੇ ਮੁੰਡੇ ਵੀ ਮਿਲਣ ਆ ਜਾਂਦੇ। ਜਦੋਂ ਕਦੇ ਮੈਨੂੰ ਦੂਰ ਤੋਂ ਆਉਂਦਾ ਦੇਖਦੇ ਤਾਂ ਝੱਟ ਦਿਲਬਾਗ ਅਤੇ ਬਚਿੰਤ ਸਿੰਘ ਦੇ ਘਰੀਂ ਖਬਰ ਕਰ ਦਿੰਦੇ। ਕਈ ਵਾਰ ਤਾਂ ਮੈਂ ਗੱਲਾਂ ਕਰਦਾ ਕਰਦਾ ਉਨ੍ਹਾਂ ਦੇ ਘਰ ਹੀ ਸੌਂ ਜਾਂਦਾ ਅਤੇ ਰਾਤ ਨੂੰ ਦੇਰ ਨਾਲ ਘਰ ਪਹੁੰਚਦਾ।

ਇਕ ਦਿਨ ਸ਼ਾਮ ਨੂੰ ਬਚਿੰਤ ਸਿੰਘ ਦੀ ਮਾਂ ਨੇ ਖੀਰ ਬਣਾਈ ਅਤੇ

ਝਿਜਕਦੇ ਝਿਜਕਦੇ ਸਭ ਤੋਂ ਪਹਿਲਾਂ ਮੈਨੂੰ ਖਾਣ ਨੂੰ ਦਿੱਤੀ। ਮੈਨੂੰ ਬੜੀ ਸੁਆਦ ਲੱਗੀ ਅਤੇ ਮੈਂ ਪੇਟ ਭਰ ਕੇ ਖਾਧੀ। ਢਿੱਡ ਭਰ ਜਾਣ ਨਾਲ ਮੈਂ ਘਰ ਆ ਕੇ ਰਾਤ ਦਾ ਖਾਣਾ ਘੱਟ ਖਾ ਸਕਿਆ। ਮੇਰੀ ਬੀਬੀ ਨੇ ਜਦ ਮੇਰਾ ਅੱਧਾ ਖਾਣਾ ਵਿੱਚ ਛੱਡਿਆ ਵੇਖਿਆ ਤਾਂ ਮੈਨੂੰ ਅਚੰਭੇ ਨਾਲ ਪੁੱਛਿਆ, "ਤੈਂ ਕਿਤੇ ਹੋਰ ਥਾਂ ਤਾਂ ਖਾਣਾ ਨਹੀਂ ਖਾਧਾ? ਮੈਨੂੰ ਇੰਜ ਲਗਦਾ ਕਿ ਤੈਨੂੰ ਗਰਮੀ ਹੋ ਗਈ ਹੈ।"

"ਹਾਂ, ਅੱਜ ਮੈਂ ਬਚਿੰਤੇ ਦੇ ਘਰ ਖੀਰ ਖਾਧੀ ਸੀ। ਬੜੀ ਸੁਆਦੀ ਸੀ," ਮੇਰੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ। ਬੱਸ ਸੁਣਨ ਦੀ ਦੇਰ ਸੀ ਕਿ ਉਸਦੇ ਹੱਥੋਂ ਆਪਣੀ ਖਾਣੇ ਦੀ ਥਾਲੀ ਡਿਗ ਪਈ। ਉਸ ਨੇ ਬੜੇ ਜ਼ੋਰ ਨਾਲ ਮੇਰੇ ਮੂੰਹ ਤੇ ਥੱਪੜ ਮਾਰਿਆ ਅਤੇ ਕਿੰਨੀ ਦੇਰ ਬੁਰਾ ਭਲਾ ਕਹਿੰਦੀ ਰਹੀ। ਦੋ ਤਿੰਨ ਦਿਨ ਤਕ ਉਸ ਨੇ ਨਾ ਕੁਝ ਖਾਧਾ ਨਾ ਪੀਤਾ। ਮੈਂ ਵੀ ਜ਼ਿਦ ਵਿੱਚ ਆ ਕੇ ਖਾਣਾ ਪੀਣਾ ਬੰਦ ਕਰ ਦਿੱਤਾ। ਤੀਸਰੀ ਰਾਤ ਚੋਰੀ ਚੋਰੀ ਦਾਦੀ ਮਾਂ ਮੈਨੂੰ ਖਾਣਾ ਖੁਆਉਣ ਆਈ ਪਰ ਮੈਂ ਜ਼ੋਰ ਨਾਲ ਖਾਣਾ ਵਗਾਹ ਕੇ ਦੂਰ ਸੁਟ ਦਿੱਤਾ। ਉਹ ਗੁੱਸੇ ਨਾਲ ਬੋਲੀ, "ਸੜਿਆ ਜਿਹਾ, ਜਿਸ ਖਾਣੇ ਦੀ ਤੂੰ ਇੰਨੀ ਬੇਕਦਰੀ ਕਰਦਾ ਪਿਆ ਏਂ ਇਸਨੂੰ ਪਾਉਣ ਲਈ ਦੁਨੀਆਂ ਪਤਾ ਨਹੀਂ ਕਿੱਥੇ ਕਿੱਥੇ ਧੱਕੇ ਖਾਂਦੀ ਫਿਰਦੀ ਏ?" ਪਰ ਮੈਂ ਉਸਦੀ ਇਕ ਨਾ ਸੁਣੀ ਅਤੇ ਉਸ ਰਾਤ ਵੀ ਭੁੱਖਾ ਹੀ ਸੌਂ ਗਿਆ। ਦਾਦੀ ਮਾਂ ਨੇ ਸੋਚਿਆ ਕਿ ਅਗੋਂ ਲਈ ਮੇਰਾ ਇਹੀ ਇਲਾਜ ਹੈ ਕਿ ਜਦੋਂ ਮੈਂ ਘਰ ਵੜਾਂ ਤਾਂ ਮੇਰੇ ਤੇ ਗੰਗਾ ਜਲ ਛਿੜਕਿਆ ਜਾਏ। ਕਈ ਸਾਲ ਪਹਿਲਾਂ ਉਹ ਹਰਦੁਆਰ ਤੋਂ ਬੋਤਲ ਵਿੱਚ ਗੰਗਾ ਜਲ ਭਰ ਕੇ ਲਿਆਈ ਸੀ। ਉਹ ਹੁਣ ਨਿਤ ਨੇਮ ਮੇਰੇ ਉਤੇ ਛਿੜਕਣ ਲਈ ਵਰਤਿਆ ਜਾਣ ਲੱਗਾ।

ਮੇਰੇ ਭੈਣ ਭਰਾ ਮੈਨੂੰ ਬਾਗੇ ਅਤੇ ਬਚਿੰਤੇ ਨਾਲ ਖੇਡਣ ਤੋਂ ਖਿਝਦੇ। ਸਾਡੇ ਘਰ ਦੇ ਵਿਹੜੇ ਵਾਲੇ ਵੀ ਮੇਰਾ ਉਨ੍ਹਾਂ ਨਾਲ ਮਿਲਣਾ ਜੁਲਣਾ ਪਸੰਦ ਨਾ ਕਰਦੇ ਅਤੇ ਕਈ ਵਾਰ ਹਰੀਜਨਾਂ ਦੇ ਮੁੰਡਿਆਂ ਨਾਲ ਮਿਲਣ ਵਰਤਣ ਤੋਂ ਵਰਜਦੇ। ਜਦੋਂ ਕਦੇ ਮੈਂ ਉਨ੍ਹਾਂ ਦੇ ਘਰ ਵਲ ਚਲਣ ਲਗਦਾ ਤਾਂ ਕੋਈ ਨਾ ਕੋਈ ਉਚੀ ਦੇਣੀ ਦਾਦੀ ਮਾਂ ਨੂੰ ਆਵਾਜ਼ ਦਿੰਦਾ, "ਫੜਿਉ, ਇਸਨੂੰ ਇਹ ਫਿਰ ਚਲਿਆ ਬਚਿੰਤੇ ਦੇ ਘਰ!"

ਹਰ ਸਾਲ ਮੈਂ ਜਿਆਦਾ ਨੰਬਰਾਂ ਕਰਕੇ ਆਪਣੀ ਜਮਾਤ ਦਾ ਮੋਨੀਟਰ ਬਣ ਜਾਂਦਾ। ਕਈ ਅਧਿਆਪਕ ਹਰੀਜਨਾਂ ਦੇ ਮੁੰਡਿਆਂ ਨਾਲ ਬੇਹੱਦ ਘਿਰਣਾ ਕਰਦੇ ਅਤੇ ਇਕ ਅਧਿਆਪਕ ਤਾਂ ਜਮਾਤ ਵਿੱਚ ਵੜਨ ਤੋਂ ਪਹਿਲਾਂ ਹੀ ਕੜਕ ਕੇ ਬੋਲਦਾ, ਜਿਤਨੇ ਹਰੀਜਨਾਂ ਦੇ ਮੁੰਡੇ ਹਨ ਉਹ ਸਾਰੇ ਪਿਛਲੇ ਬੈਂਚ ਤੇ ਖੜ੍ਹੇ ਹੋ ਜਾਣ। ਇਹ ਸਾਰੇ ਦੇ ਸਾਰੇ ਇੱਥੇ ਪੜ੍ਹਨ ਘੱਟ ਆਉਂਦੇ ਹਨ, ਵਜ਼ੀਫੇ ਜਾਇਦਾ ਲੈਣ ਆਉਂਦੇ ਹਨ।" ਇਹ ਸੁਣ ਕੇ ਹਰੀਜਨਾਂ ਦੇ ਲੜਕੇ ਸਹਿਮਦੇ ਸਹਿਮਦੇ ਪਿਛਲੀ ਦੀਵਾਰ ਨਾਲ ਲੱਗ ਕੇ ਸਾਰਾ ਸਮਾਂ ਖੜੇ ਰਹਿੰਦੇ। ਫਿਰ ਉਹ ਉਨ੍ਹਾਂ ਕੋਲੋਂ ਸੁਆਲ ਪੁੱਛਦਾ। ਜੇ ਕਿਸੇ ਨੂੰ ਨਾ ਆਉਂਦਾ ਤਾਂ ਉਸਦੀ ਬੜੀ ਮਾਰ ਕੁਟਾਈ ਹੁੰਦੀ। ਉਸ ਦੇ ਡਰ ਮਾਰੇ ਹਰੀਜਨਾਂ ਦੇ ਕਈ ਲੜਕੇ ਸਕੂਲ ਜਾਣਾ ਹੀ ਬੰਦ ਕਰ ਦਿੰਦੇ।

ਜਦੋਂ ਮੇਰਾ ਪਿਤਾ ਸਾਲਾਨਾ ਛੁੱਟੀ ਆਉਂਦਾ ਤਾਂ ਮੇਰੀ ਬੀਬੀ ਕਦੇ ਕਦੇ ਮੇਰੇ ਬਾਰੇ ਸ਼ਕਾਇਤ ਕਰਦੀ। ਮੇਰਾ ਪਿਤਾ ਕਈ ਵਾਰ ਮੈਨੂੰ ਹਰੀਜਨਾਂ ਦੇ ਲੜਕਿਆਂ ਨਾਲ ਖੇਡਣ ਤੋਂ ਵਰਜਦਾ ਪਰ ਮੇਰੇ ਉਤੇ ਕੋਈ ਅਸਰ ਨਾ ਪੈਂਦਾ। ਇਕ ਵਾਰ ਉਹ ਬਾਗੇ ਅਤੇ ਬਚਿੰਤੇ ਦੇ ਘਰ ਜਾ ਕੇ ਉਨ੍ਹਾਂ ਦੇ ਮਾਂ ਬਾਪ ਨੂੰ ਡਰਾ ਧਮਕਾ ਕੇ ਆਇਆ ਕਿ ਉਨ੍ਹਾਂ ਦੇ ਮੁੰਡੇ ਮੇਰੇ ਮੁੰਡੇ ਨੂੰ ਖਰਾਬ ਕਰਨ ਤੇ ਤੁਲੇ ਹੋਏ ਹਨ। ਬਾਗੇ ਅਤੇ ਬਚਿੰਤੇ ਦੇ ਮਾਂ ਬਾਪ ਨੇ ਦੁੱਖੀ ਹੋ ਕੇ ਉਨ੍ਹਾਂ ਨੂੰ ਮੇਰੇ ਨਾਲ 4–5 ਦਿਨਾਂ ਲਈ ਮਿਲਣਾ ਬੰਦ ਕਰ ਦਿੱਤਾ ਪਰ ਇਕ ਦਿਨ ਬਚਿੰਤਾ ਸਾਡੇ ਘਰ ਮੈਨੂੰ ਮਿਲਣ ਲਈ ਆ ਟਪਕਿਆ ਅਤੇ ਹੌਕਾ ਜਿਹਾ ਲੈਂਦੇ ਬੋਲਿਆ, "ਜੀਤ, ਤੂੰ ਮੇਰੇ ਨਾਲ ਕਿਉਂ ਗੁੱਸੇ ਏਂ? ਦੇਖ, ਮੈਂ ਤੇਰੇ ਨਾਲ ਖੇਡਣ ਆਇਆ ਹਾਂ।" ਅਸੀਂ ਫਿਰ ਅੱਛੇ ਦੋਸਤਾਂ ਵਾਂਗ ਬਾਹਰ ਖੇਡਣ ਚਲੇ ਗਏ।

ਘਰ ਵਿੱਚ ਹੁਣ ਮੇਰਾ ਨਾ "ਹਰੀਜਨ ਪਾਰਟੀ" ਰੱਖ ਦਿੱਤਾ। ਮੈਂ ਵੀ ਢੀਠ ਬਣ ਕੇ ਘਰ ਵਾਲਿਆਂ ਦੀਆਂ ਗੱਲਾਂ ਦਾ ਗੁੱਸਾ ਕਰਨਾ ਬੰਦ ਕਰ ਦਿਤਾ। ਉਹ ਬਾਗੇ ਬਚਿੰਤੇ ਬਾਰੇ ਕਈ ਤਰ੍ਹਾਂ ਦੇ ਤਾਹਨੇ ਮਾਰਦੇ ਪਰ ਮੈਂ ਤੋਹਮਤਾਂ ਸੁਣੀਆਂ ਅਣਸੁਣੀਆਂ ਕਰ ਛਡਦਾ।

ਮੇਰੀ ਅੜੀ ਨੂੰ ਲਗਾਤਾਰ ਦੇਖਦੇ ਦੇਖਦੇ ਮੇਰੀ ਬੀਬੀ ਦਾ ਰਵੱਈਆ ਬਦਲਣਾ ਸ਼ੁਰੂ ਹੋ ਗਿਆ। ਹੁਣ ਉਹ ਕਦੇ ਕਦੇ ਬਚਿੰਤ ਸਿੰਘ ਤੋਂ ਪਸ਼ੂਆਂ ਲਈ ਚਾਰਾ ਕੁਤਰਾ ਲੈਂਦੀ। ਕਈ ਵਾਰ ਘਰ ਦੇ ਛੋਟੇ ਮੋਟੇ ਕੰਮ ਕਰਵਾਉਣ ਤੋਂ ਵੀ ਸੰਕੋਚ ਨਾ ਕਰਦੀ। ਇਕ ਵਾਰ ਬਚਿੰਤ ਸਿੰਘ ਦੀ ਮਾਂ ਨੂੰ ਰਸਤੇ ਵਿੱਚ ਖੜੀ ਕਰਕੇ ਬੋਲੀ, "ਸਾਡਾ ਜੀਤ ਅਤੇ ਬਚਿੰਤਾ ਬੜੇ ਸਹੇਲੇ ਬਣ ਗਏ ਹਨ।" ਬਚਿੰਤ ਸਿੰਘ ਦੀ ਮਾਂ ਸਾਡੀ ਦੋਸਤੀ ਤੋਂ ਬੇਹੱਦ ਖੁਸ਼ ਸੀ। ਦੋਸਤੀ ਤੋਂ ਇਲਾਵਾ ਮੈਂ ਬਾਗੇ ਅਤੇ ਬਚਿੰਤੇ ਦੀ ਪੜ੍ਹਾਈ ਵਿੱਚ ਖੂਬ ਮਦਦ ਕਰਦਾ ਰਹਿੰਦਾ ਸਾਂ ਕਿਉਂਕਿ ਉਹ ਦੋਵੇਂ ਪੜ੍ਹਾਈ ਵਿੱਚ ਕਮਜ਼ੋਰ ਸਨ।

ਇੰਜ ਅਸਾਂ ਦਸਵੀਂ ਜਮਾਤ ਤੱਕ ਪਹੁੰਚ ਗਏ। ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਕਾਲਜ ਦੀ ਪੜ੍ਹਾਈ ਕਰਨ ਜਲੰਧਰ ਚਲਾ ਗਿਆ। ਬਾਗਾ ਅਤੇ ਬਚਿੰਤਾ ਘਰ ਦੀ ਮਾਇਕ ਹਾਲਤ ਨੂੰ ਦੇਖਦੇ ਹੋਏ ਫੌਜ ਵਿੱਚ ਭਰਤੀ ਹੋ ਗਏ। ਮੈਨੂੰ ਘਰ ਵਾਲੇ ਇੰਜੀਨੀਅਰ ਬਨਾਉਣਾ ਚਾਹੁੰਦੇ ਸਨ। ਮੇਰਾ ਆਪਣੇ ਸਕੂਲ ਵਿੱਚ ਅੱਵਲ ਦਰਜਾ ਆਇਆ ਸੀ। ਕਈ ਕਾਲਜਾਂ ਵਲੋਂ ਦਾਖਲੇ ਲਈ ਸਿਫਾਰਸ਼ਾਂ ਆਈਆਂ ਸਨ। ਹਰ ਕੋਈ ਤਰ੍ਹਾਂ ਤਰ੍ਹਾਂ ਦੀਆਂ ਰਿਆਇਤਾਂ ਦੇਣ ਨੂੰ ਤਿਆਰ ਸੀ ਪਰ ਮੈਂ ਜਲੰਧਰ ਵਾਲੇ ਕਾਲਜ ਵਿੱਚ ਦਾਖਲਾ ਲੈਣਾ ਚੰਗਾ ਸਮਝਿਆ।

ਇਕ ਵਾਰ ਬਚਿੰਤ ਸਿੰਘ ਆਪਣੀ ਸਾਲਾਨਾ ਛੁੱਟੀ ਦੌਰਾਨ ਮੈਨੂੰ ਜਲੰਧਰ ਮਿਲਣ ਆਇਆ। ਮੇਰੇ ਜ਼ਰਾ ਮੈਲੇ ਕਪੜਿਆਂ ਨੂੰ ਦੇਖ ਕੇ ਬੋਲਿਆ, "ਤੂੰ ਇਹੋ ਜਿਹੇ ਕਪੜੇ ਕਿਉਂ ਪਹਿਨਦਾ ਏਂ? ਅੱਛਾ, ਇਸ ਐਤਵਾਰ ਨੂੰ ਤੂੰ ਪਿੰਡ ਆਉਣਾ। ਤੇਰੇ ਨਾਲ ਖੂਹ ਤੇ ਬੈਠ ਕੇ ਢੇਰ ਸਾਰੀਆਂ ਗੱਲਾਂ ਕਰਨੀਆਂ ਹਨ।" ਜਿਉਂ ਹੀ ਸਨਿਚਰ ਦੀਆਂ ਕਲਾਸਾਂ ਖਤਮ ਹੋਈਆਂ ਮੈਂ ਬੱਸ ਪਕੜਕੇ ਪਿੰਡ ਨੂੰ ਚਲ ਪਿਆ। ਬਚਿੰਤ ਸਿੰਘ ਪਿੰਡ ਦੇ ਬਸੀਮੇ ਤੇ ਮਿਲਣ ਲਈ ਪਹੁੰਚਿਆ ਹੋਇਆ ਸੀ। ਕਈ ਚਿਰਾਂ ਬਾਅਦ ਮਿਲਕੇ ਅਸਾਂ ਬੜੇ ਖੁਸ਼ ਹੋਏ। ਸਾਰੀ ਸਾਰੀ ਰਾਤ ਗੁਜ਼ਰ ਜਾਂਦੀ ਪਰ ਸਾਡੀਆਂ ਗੱਲਾਂ ਨਾ ਮੁਕਦੀਆਂ। ਜਦੋਂ ਮੈਂ ਵਾਪਸ ਜਲੰਧਰ ਜਾਣ ਲੱਗਾ ਤਾਂ ਬਚਿੰਤ ਸਿੰਘ ਨੇ ਮੇਰਾ ਬੈਗ ਪਕੜ ਲਿਆ ਅਤੇ ਵਿਛੜਨ ਵੇਲੇ ਬੋਲਿਆ, "ਜੀਤ ਮੈਂ ਆਪਣੀ ਟੈਰੀਲੀਨ ਕਮੀਜ਼, ਪੈਂਟ ਅਤੇ ਹੱਥ ਦੀ ਘੜੀ ਪਿਆਰ ਵਜੋਂ ਤੈਨੂੰ ਦੇ ਰਿਹਾ ਹਾਂ। ਤੂੰ ਇਨ੍ਹਾਂ ਨੂੰ ਕਿਤੇ ਵਾਪਸ ਕਰਨ ਦਾ ਨਾ ਸੋਚਣਾ।" ਇੰਜ ਕਹਿ ਕੇ ਉਸ ਨੇ ਮੈਨੂੰ ਘੁਟ ਕੇ ਗਲਵਕੜੀ ਪਾਈ। ਕਾਫੀ ਦੇਰ ਤਕ ਉਹ ਬਸ ਅੱਡੇ ਤੇ ਖੜਾ ਬਸ ਚਲਣ ਤਕ ਇੰਤਜ਼ਾਰ ਕਰਦਾ ਰਿਹਾ।

ਪ੍ਰੀ-ਇੰਜੀਨੀਅਰਿੰਗ ਇਕ ਐਸਾ ਇਮਤਿਹਾਨ ਹੁੰਦਾ ਹੈ ਜਿਸ ਵਿੱਚ

(ਬਾਕੀ ਪੰਨਾ 42 ਤੇ)

ਕੁਮਾਰੀ ਕਿਰਨ ਉਭਰਦੇ ਕਲਾਕਾਰਾਂ ਵਿੱਚ ਆਪਣਾ ਵਖਰਾ ਸਥਾਨ ਰੱਖਦੀ ਹੈ, ਅਤੇ ਉਸਦਾ ਭਵਿਖ ਹੋਰ ਵੀ ਜ਼ਿਆਦਾ ਉਜਲਾ ਵਿਖਾਈ ਦਿੰਦਾ ਹੈ। ਨ੍ਰਿੱਤ ਨਾਟਕ ਕਿਰਨ ਦਾ ਮਨ ਭਾਉਂਦਾ ਵਿਸ਼ਾ ਹੈ। ਉਹ ਹੁਣ ਤੀਕਰ 'ਸ਼ਕੁੰਤਲਾ' 'ਲਹਿਰੋਂ ਕੇ ਰਾਜ ਹੰਸ', 'ਚਿਤਰ ਲੇਖਾ' 'ਸੋਹਣੀ ਮਹੀਵਾਲ' ਆਦਿ ਵਿਚ ਆਪਣੀ ਅਭੀਨੈ ਪ੍ਰਤਿਭਾ ਦੀ ਧੂਮ ਮਚਾ ਚੁਕੀ ਹੈ।

ਕਿਰਨ ਬਾਲਾ ਨੇ ਕੁਝ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਜਿਸ ਦੇ ਪ੍ਰਮਾਣ ਵਿਚ ਅਭੀਨੇਤਰੀ ਦੇ ਤੌਰ ਤੇ ਉਸ ਦੀਆਂ ਲਘੂ ਫਿਲਮਾਂ 'ਰਾਹੀ ਮੰਜ਼ਿਲ ਔਰ ਰਾਸਤਾ', 'ਉਰਵਸ਼ੀ ਰਾਧਰਵਰ' ਅਤੇ ਵਪਾਰਕ ਫਿਲਮਾਂ "ਪਵਨ ਬਸੰਤੀ", ਤੇ "ਏਕ ਔਰ ਦਾਸਤਾਨ" ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੱਲ ਬਾਤ ਦੌਰਾਨ ਕਿਰਨ ਨੇ ਕਿਹਾ ਕਿ ਜਿਥੇ ਸ਼ਾਸ਼ਤਰੀ ਨਾਚ ਮੇਰੇ ਲਈ ਆਤਮਕ ਸ਼ਾਂਤੀ ਦਾ ਇਕ ਸਾਧਨ ਹੈ ਉਥੇ ਫਿਲਮਾਂ 'ਚ ਅਭਿਨੈ ਕਰਨ ਬਾਰੇ ਵੀ ਮੈਨੂੰ ਉਨਾਂ ਹੀ ਆਨੰਦ ਮਿਲਦਾ ਹੈ। ਕਿਉਂ ਜੋ ਅਭਿਨੈ ਵੀ ਨ੍ਰਿੱਤ ਦਾ ਇਕ ਹਿਸਾ ਹੈ, ਅਭਿਨੈ ਦੀ ਉਤਪੱਤੀ ਦਾ ਕੇਂਦਰ ਵੀ ਉਹ ਨ੍ਰਿਤ ਨੂੰ ਹੀ ਮੰਨਦੀ ਹੈ। ਫਿਲਮਾਂ ਵਿਚ ਉਹ ਸਿਰਫ ਅਭਿਨੈ ਹੀ ਕਰੇਗੀ ਅਤੇ ਨ੍ਰਿਤ ਨਹੀਂ ਇਸ ਦਾ ਕਾਰਣ ਦੱਸਦਿਆਂ ਉਹ ਕਹਿੰਦੀ ਹੈ ਕਿ ਪਹਿਲਾ ਸ਼ਾਸ਼ਤਰੀ ਨ੍ਰਿੱਤ ਪ੍ਰਭੂ ਭਗਤੀ ਦਾ ਇਕ ਸਾਧਨ ਸੀ ਮੁਗਲਕਾਲ 'ਚ ਇਸ ਤੇ ਬੁਰਾ ਪ੍ਰਭਾਵ ਪਿਆ ਕਿਉਂ ਜੋ ਰਾਜੇ ਮਹਾਰਾਜਿਆਂ ਨੇ ਆਪਣੇ ਦਰਬਾਰਾਂ 'ਚ ਆਪਣੀ ਖੁਸ਼ੀ ਲਈ ਕ੍ਰਿਤ ਕਰਵਾਏ ਜਿਸ ਵਿਚ ਮਨ ਮਾਨੇ ਨਿਯਮਾਂ ਨੂੰ ਸ਼ਾਮਿਲ ਕਰਕੇ ਕੁਝ ਨ੍ਰਿਤਕਾਂ ਨੇ ਇਸ ਨੂੰ ਬਦਨਾਮ ਕਰ ਦਿਤਾ। ਪ੍ਰੰਤੂ ਹੁਣ ਦੇ ਸਮਾਜ 'ਚ ਨ੍ਰਿਤ ਨੂੰ ਅੱਛਾ ਸਥਾਨ ਦਿਤਾ ਜਾਂਦਾ ਹੈ ਅਜੇ ਲੋਕ ਇਸ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਦੇ ਹਨ। ਇਹੋ ਕਾਰਣ ਹੈ ਕਿ ਅੱਜ ਪੰਜਾਬ ਤੋਂ ਇਲਾਵਾ ਦੇਸ਼ ਦੇ ਅੱਛੇ ਪਰਿਵਾਰਾਂ ਵਿੱਚ ਵੀ ਇਸ ਸਿੱਖਿਆ ਨੂੰ ਮਾਣ ਨਾਲ ਦੇਖਿਆ ਅਤੇ ਸਿੱਖਿਆ ਜਾਂਦਾ ਹੈ। ਪ੍ਰੰਤੂ ਕਿਰਨ ਫਿਲਮ ਵਾਲਿਆਂ ਤੇ ਦੋਸ਼ ਲਾਉਂਦੀ ਹੈ ਕਿ ਉਹ ਨ੍ਰਿਤ ਨੂੰ ਚੰਗੇ ਤਰੀਕੇ ਨਾਲ ਪੇਸ਼ ਨਹੀਂ ਕਰਦੇ। ਜਿਸ ਕਾਰਣ ਵੱਜੋਂ ਉਹ ਫਿਲਮਾਂ 'ਚ ਸਿਰਫ ਅਭਿਨੈ ਹੀ ਕਰਨਾ ਚਾਹੁੰਦੀ ਹੈ ਅਤੇ ਨ੍ਰਿੱਤ ਨਹੀਂ।

ਪੰਜਾਬ ਦੀਆਂ ਉਹ ਸੰਸਥਾਵਾਂ ਜਿਹੜੀਆਂ ਇਹੋ ਜਿਹੇ ਕਲਾਕਾਰਾਂ ਨੂੰ ਮੰਚ ਤੇ ਆਉਣ ਦਾ ਮੌਕਾ ਦਿੰਦੀਆਂ ਹਨ ਖਾਸ ਤੌਰ ਤੇ ਵਧਾਈ ਦੀਆਂ ਪਾਤਰ ਹਨ ਅਤੇ ਇਹ ਸ਼ਲਾਘਾਯੋਗ ਕੋਸ਼ਿਸ਼ ਜੇਕਰ ਜਾਰੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਕਿ ਦੁਨੀਆਂ ਵਿਚ ਪੰਜਾਬੀ ਕਲਾਕਾਰਾਂ ਦਾ ਮਾਨ ਅਤੇ ਸਨਮਾਨ ਹੋਰ ਵੀ ਵੱਧ ਜਾਵੇਗਾ। ○

---

(ਪੰਨਾਂ 14 ਦੀ ਬਾਕੀ)

ਸ਼ਾਇਦ ਇੰਜੀਨੀਅਰਿੰਗ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਲਈ ਜ਼ਿੰਦਗੀ ਮੌਤ ਇਕ ਬਰਾਬਰ ਹੋ ਜਾਂਦੀ ਲਗਦੀ ਹੈ। ਕਈ ਲੜਕੇ ਤਾਂ ਪ੍ਰੀਇੰਜੀਨੀਅਰਿੰਗ ਵਿਚੋਂ ਅੱਛੇ ਨੰਬਰ ਲੈਣ ਲਈ ਸਾਲ ਦੇ ਸ਼ੁਰੂ ਤੋਂ ਹੀ ਸਾਰੇ ਮਜ਼ਮੂਨਾਂ ਦੀਆਂ ਟੀਊਸ਼ਨਾਂ ਰੱਖ ਲੈਂਦੇ ਹਨ। ਜੇ ਕਿਤੇ ਇਕ ਦੋ ਪਰਚੇ ਖਰਾਬ ਹੋ ਜਾਣ ਤਾਂ ਇਮਤਿਹਾਨ ਵਿਚੋਂ ਹੀ ਛੱਡ ਦਿੰਦੇ ਹਨ ਤਾਂ ਕਿ ਅਗਲੇ ਸਾਲ ਦੁਬਾਰਾ ਦੇ ਸਕਣ। ਮੈਂ ਵੀ ਇਸ ਵਾਰ ਪ੍ਰੀਇੰਜਨੀਅਰਿੰਗ ਇਮਤਿਹਾਨ ਵਿਚੋਂ ਅੱਛੇ ਨੰਬਰ ਲੈਣ ਲਈ ਕਮਰਕੱਸ ਕੇ ਤਿਆਰੀ ਕਰ ਰਿਹਾ ਸਾਂ।

ਦਿਲਬਾਗ ਸਿੰਘ ਦਾ ਅੱਗੇ ਪੜ੍ਹਨ ਨੂੰ ਤਾਂ ਬੜਾ ਮਨ ਕਰਦਾ ਸੀ ਪਰ ਭੈਣ ਭਰਾ ਜ਼ਿਆਦਾ ਹੋਣ ਕਰਕੇ ਇਹ ਖਾਹਿਸ਼ ਪੂਰੀ ਨਹੀਂ ਕਰ ਸਕਦਾ ਸੀ। ਮੇਰੀ ਨਸੀਅਤ ਅਨੁਸਾਰ ਉਸ ਨੇ ਆਰਟਸ ਡਿਗਰੀ ਹਾਸਲ ਕਰਨ ਲਈ ਪ੍ਰਾਈਵੇਟ ਇਮਤਿਹਾਨ ਦੇਣ ਦਾ ਫੈਸਲਾ ਕੀਤਾ। ਪਹਿਲੇ ਸਾਲ ਉਹ ਪ੍ਰੀ-ਯੂਨੀਵਰਸਿਟੀ ਦੇ ਇਮਤਿਹਾਨ ਲਈ ਪੂਰੀ ਤਿਆਰੀ ਨਹੀਂ ਕਰ ਸਕਿਆ ਸੀ। ਸੋ ਉਸ ਨੇ ਵਿੱਚੇ ਹੀ ਪਰਚੇ ਛੱਡ ਦਿੱਤੇ ਸਨ। ਦੂਸਰੇ ਸਾਲ ਜਦ ਮੈਂ ਪ੍ਰੀ-ਇੰਜਨੀਅਰਿੰਗ ਇਮਤਿਹਾਨ ਲਈ ਬੈਠ ਰਿਹਾ ਸਾਂ ਤਾਂ ਉਹ ਦੁਬਾਰਾ ਸਾਲਾਨਾ ਛੁੱਟੀ ਲੈ ਕੇ ਪ੍ਰੀਯੂਨੀਵਰਸਟੀ ਇਮਤਿਹਾਨ ਦੇਣ ਆਇਆ। ਇਸ ਸਾਲ ਉਸ ਨੇ ਖੂਬ ਤਿਆਰੀ ਕੀਤੀ ਸੀ ਅਤੇ ਪਾਸ ਹੋਣ ਦੀ ਪੂਰੀ ਆਸ ਲਾਈ ਬੈਠਾ ਸੀ।


ਮੇਰਾ ਪਿਤਾ ਨੌਕਰੀ ਖ਼ਤਮ ਕਰਕੇ ਘਰ ਆ ਗਿਆ ਸੀ। ਮੇਰੇ ਇਮਤਿਹਾਨ ਸ਼ੁਰੂ ਹੋਣ ਤੋਂ ਇਕ ਹਫਤਾ ਪਹਿਲਾਂ ਮੈਨੂੰ ਖਬਰ ਮਿਲੀ ਕਿ ਮੇਰੀ ਬੀਬੀ ਦੀ ਹਾਲਤ ਬਹੁਤ ਗੰਭੀਰ ਹੋ ਗਈ ਸੀ। ਹਾਲਤ ਨਾ ਸੁਧਰਦੀ ਦੇਖਕੇ ਘਰ ਵਾਲੇ ਉਸਨੂੰ ਜ਼ਿਲ੍ਹੇ ਦੇ ਸਿਵਲ ਹਸਪਤਾਲ ਲੈ ਗਏ। ਮੇਰਾ ਮਨ ਤਾਂ ਬੜਾ ਕਰਦਾ ਸੀ ਕਿ ਐਸੀ ਹਾਲਤ ਵਿੱਚ ਮੈਂ ਆਪਣੀ ਬੀਬੀ ਕੋਲ ਹੋਵਾਂ ਪਰ ਸਾਹਮਣੇ ਇਮਤਿਹਾਨ ਹੋਣ ਕਰਕੇ ਦੁਚਿੱਤੀ ਵਿੱਚ ਪੈ ਗਿਆ। ਜਦ ਦਿਲਬਾਗ ਸਿੰਘ ਨੂੰ ਮੇਰੀ ਹਾਲਤ ਦਾ ਪਤਾ ਲਗਾ ਤਾਂ ਉਸ ਨੇ ਆਪਣੇ ਪਰਚੇ ਨਾ ਦੇਣ ਦਾ ਫੈਸਲਾ ਕਰ ਲਿਆ ਅਤੇ ਬੀਬੀ ਦੀ ਸੇਵਾ ਵਿਚ ਜੁਟ ਗਿਆ। ਜਿਉਂ ਹੀ ਮੇਰਾ ਇਮਤਿਹਾਨ ਖ਼ਤਮ ਹੋਇਆ ਮੈਂ ਬੀਬੀ ਨੂੰ ਦੇਖਣ ਚਲ ਪਿਆ। ਹੁਣ ਘਰ ਵਾਲੇ ਉਸਨੂੰ ਪਿੰਡ ਲੈ ਆਏ ਸਨ। ਉਸ ਨੂੰ ਖੂਨ ਦਾ ਕੈਂਸਰ ਹੋ ਗਿਆ ਸੀ। ਉਸ ਸ਼ਾਮ ਨੂੰ ਉਹ ਮੈਨੂੰ 10 ਕੁ ਮਿੰਟ ਹੀ ਦੇਖ ਸਕੀ ਅਤੇ ਮੇਰੇ ਦੇਖਦੇ ਦੇਖਦੇ ਉਸਦਾ ਦੇਹਾਂਤ ਹੋ ਗਿਆ। ਦਿਲਬਾਗ ਸਿੰਘ ਸਾਰਾ ਸਾਰਾ ਦਿਨ ਉਸ ਦੇ ਅੱਗੇ ਪਿਛੇ ਘੁੰਮਦਾ ਰਿਹਾ। ਉਸਦੀ ਮੌਤ ਤੋਂ ਬਾਅਦ ਜਦ ਕਦੇ ਉਹ ਮੈਨੂੰ ਦੇਖਦਾ ਤਾਂ ਉਸਦੀਆਂ ਅੱਖਾਂ ਵਿੱਚ ਛਮ ਛਮ ਕਰਕੇ ਅੱਥਰੂ ਵਹਿਣ ਲਗਦੇ।

ਮੈਂ ਬਚਿੰਤ ਸਿੰਘ ਨੂੰ ਬੀਬੀ ਦੇ ਗੁਜ਼ਰ ਜਾਣ ਦੀ ਚਿੱਠੀ ਪਾ ਦਿਤੀ ਅਤੇ ਭੋਗ ਰਸਮ ਦੀ ਮਿਥੀ ਤਰੀਕ ਬਾਰੇ ਲਿਖ ਦਿਤਾ ਪਰ ਮੈਨੂੰ ਉਸਦੇ ਆਉਣ ਦੀ ਕੋਈ ਉਮੀਦ ਨਹੀਂ ਸੀ। ਮੇਰੀ ਚਿੱਠੀ ਮਿਲਦੇ ਸਾਰ ਹੀ ਉਹ ਸਿੱਧਾ ਬੜੇ ਸਾਹਿਬ ਕੋਲੋਂ ਛੁੱਟੀ ਮਨਜ਼ੂਰ ਕਰਵਾਉਣ ਲਈ ਗਿਆ ਅਤੇ ਉਸਨੂੰ ਮੇਰੀ ਚਿੱਠੀ ਪੜ੍ਹ ਕੇ ਸੁਣਾਈ। ਬੜਾ ਸਾਹਿਬ ਛੁੱਟੀ ਦੇਣ ਦੇ ਹੱਕ ਵਿੱਚ ਨਹੀਂ ਸੀ ਕਿਉਂਕਿ ਬਟਾਲੀਅਨ ਦੇ ਕਈ ਬੰਦੇ ਪਹਿਲੇ ਹੀ ਛੁੱਟੀ ਤੇ ਗਏ ਹੋਏ ਸਨ। ਉਹ ਬਗੈਰ ਛੁੱਟੀ ਮਨਜ਼ੂਰ ਕਰਵਾਏ ਅਗਲੀ ਗੱਡੀ ਫੜਨ ਲਈ ਤਿਆਰ ਹੋ ਗਿਆ ਅਤੇ ਛਡਣ ਆਏ ਸਾਥੀ ਨੂੰ ਬੋਲਿਆ, "ਕਲ੍ਹ ਜੇ ਸਾਹਿਬ ਮੇਰੇ ਬਾਰੇ ਪੁੱਛਣ ਤਾਂ ਕਹਿਣਾ ਕਿ ਉਹ ਆਪਣੇ ਪਿੰਡ ਚਲਾ ਗਿਆ। ਜੇ ਨਾਰਾਜ਼ ਹੋਵੇ ਤਾਂ ਭਲੇ ਕਹਿ ਦੇਣਾ ਕਿ ਜੇ ਉਸਦੀ ਆਪਣੀ ਮਾਂ ਮਰ ਜਾਵੇ ਤਾਂ ਕੀ ਉਹ ਅੰਤਿਮ ਭੋਗ ਤੇ ਘਰ ਨਹੀਂ ਜਾਣਗੇ?"

ਘਰ ਦੇ ਸਾਰੇ ਰਿਸ਼ਤੇਦਾਰ ਅਤੇ ਸੱਜਣ ਮਿਤਰ ਬੀਬੀ ਦੇ ਅੰਤਿਮ ਭੋਗ ਸਮੇਂ ਪਹੁੰਚ ਗਏ ਸਨ। ਕੁਝ ਹਾਲੇ ਪਹੁੰਚ ਰਹੇ ਸਨ। 12 ਵਜੇ ਤਕ ਭੋਗ ਸਮਾਪਤ ਕਰਨ ਦਾ ਸਮਾਂ ਨਿਸਚਿਤ ਕੀਤਾ ਹੋਇਆ ਸੀ। 11½ ਵਜੇ ਮੈਂ ਦੂਰੋਂ ਬਚਿੰਤ ਸਿੰਘ ਨੂੰ ਸਾਡੇ ਘਰ ਵਲ ਆਉਂਦੇ ਦੇਖਿਆ। ਪਸੀਨੇ ਨਾਲ ਉਸਦੀ ਫੌਜੀ ਵਰਦੀ ਭਿੱਜੀ ਪਈ ਸੀ ਅਤੇ ਚਿਹਰੇ ਤੇ ਬਹੁਤ ਉਦਾਸੀ ਛਾਈ ਹੋਈ ਸੀ। ਆਉਂਦੇ ਨੇ ਹੀ ਉਸ ਨੇ ਮੈਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ ਅਤੇ ਉੱਚੀ ਉੱਚੀ ਢਾਹਾਂ ਮਾਰ ਕੇ ਰੋਣ ਲਗ ਪਿਆ। ਉਸਨੂੰ ਰੋਂਦਿਆਂ ਦੇਖ ਕੇ ਇਕੱਠੇ ਹੋਏ ਲੋਕ ਇਕ ਵਾਰ ਫਿਰ ਹੰਝੂ ਵਹਾਣ ਲਗ ਪਏ। ਉਨ੍ਹਾਂ ਦੇ ਅੱਥਰੂ ਦੇਖ ਕੇ ਮੈਂ ਕੁਝ ਪਲਾਂ ਲਈ ਆਪਣੀਆਂ ਪੁਰਾਣੀਆਂ ਯਾਦਾਂ ਵਿੱਚ ਖੋਹ ਗਿਆ ਅਤੇ ਆਪਣੇ ਆਪ ਨੂੰ ਪੁੱਛ ਰਿਹਾ ਸਾਂ ਕਿ ਲੋਕ ਇਹ ਹੰਝੂ ਸਾਡੀ ਗੂੜ੍ਹੀ ਦੋਸਤੀ ਨੂੰ ਦੇਖਕੇ ਵਹਾ ਰਹੇ ਸਨ ਜਾਂ ਫਿਰ ਬਚਿੰਤੇ ਦੇ ਬੀਬੀ ਖਾਤਰ ਪਿਆਰ ਦੇ ਪ੍ਰਤੀਕ ਸਨ। ○

# ਆਰਸੀ

ਜੂਨ, 1985 75 ਪੈਸੇ



ਇਸ ਅੰਕ ਦੀਆਂ ਵਿਸ਼ੇਸ਼ ਰਚਨਾਵਾਂ


- ਜੇ ਮੈਂ ਮੁੜਕੇ ਜੀਣਾ ਹੋਏ :
  ਪ੍ਰਿ: ਸੰਤ ਸਿੰਘ ਸੇਖੋਂ
- ਸ਼ਿਵ ਕੁਮਾਰ ਬਟਾਲਵੀ :
  ਸੁਖਪਾਲਵੀਰ ਸਿੰਘ ਹਸਰਤ
- ਗ਼ਜ਼ਲ
  ਪ੍ਰਿੰ. ਤਖ਼ਤ ਸਿੰਘ
- ਕਵਿਤਾ
  ਰਵਿੰਦਰ ਰਵੀ
- ਡਾ: ਇਕਬਾਲ :
  ਨਵਸੰਗੀਤ ਸਿੰਘ
- ਰਾਵੀ ਦੀਆਂ ਛੱਲਾਂ :
  ਜਸਵੰਤ ਸਿੰਘ ਵਿਰਦੀ

# ਕਹਾਣੀ

## ਅਸ਼ੀਰਵਾਦ

○

ਅਮਰਜੀਤ ਸਿੰਘ ਬਲਗੀਰ

"ਭਾਈ, ਜਾਣ ਤੋਂ ਪਹਿਲਾਂ ਸਭ ਨੂੰ ਮਿਲਦਾ ਜਾਈਂ। ਭਾਵੇਂ ਕੋਈ ਕਿੰਨਾਂ ਵੀ ਮਾੜਾ ਰਿਹਾ ਹੋਵੇ, ਵਿਛੜਣ ਵੇਲੇ ਕੋਈ ਗਿਲਾ ਗੁੱਸਾ ਨਹੀ ਦਿਖਾਣਾ ਚਾਹੀਦਾ," ਮੇਰਾ ਗੂੜ੍ਹਾ ਹਮਜਮਾਤੀ ਦੋਸਤ, ਜਿਸਨੂੰ ਅਸੀ ਸਤਿਕਾਰ ਨਾਲ 'ਭਾਜੀ ਕਹਿੰਦੇ ਸਾਂ, ਮੈਨੂੰ ਸਲਾਹ 'ਦੇ ਰਿਹਾ ਸੀ।

ਮੈਨੂੰ ਭਾਜੀ ਦੀ ਗਲ ਜਚ ਗਈ ਅਤੇ ਮੈਂ ਉੱਦਮ ਕਰਕੇ ਸਭ ਨੂੰ ਮਿਲਣਾ ਸ਼ੁਰੂ ਕਰ ਦਿੱਤਾ। ਜਿਸਨੂੰ ਕਦੇ ਹੈਲੋ ਵੀ ਕਹੀ ਸੀ ਨਹੀਂ ਉਸ ਨਾਲ ਵੀ ਹੱਥ ਮਿਲਾਣੇ ਸ਼ੁਰੂ ਕਰ ਦਿੱਤੇ। ਹਰ ਕੋਈ ਪਹਿਲਾਂ ਵਧਾਈ ਦਿੰਦਾ ਅਤੇ ਫਿਰ ਕੰਟੀਨ ਵਿੱਚ ਇਕੱਠੇ ਚਾਹ ਪੀਣ ਲਈ ਮਜ਼ਬੂਰ ਕਰਦਾ। ਕਈ ਵਾਰ ਤਾਂ ਦਿਨ ਵਿੱਚ 8-9 ਵਾਰ ਚਾਹ ਪੀਤੀ ਜਾਂਦੀ। ਜ਼ਿਆਦਾ ਚਾਹ ਪੀਣ ਨਾਲ ਜੀਭ ਤੇ ਛਾਲੇ ਪੈਣੇ ਸ਼ੁਰੂ ਹੋ ਗਏ ਸਨ ਪਰ ਦੋਸਤਾਂ ਮਿਤਰਾਂ ਅਤੇ ਜਾਣਕਾਰਾਂ ਦੀ ਖ਼ਾਤਰਦਾਰੀ ਤੋਂ ਨਾਂਹ ਕਰਨ ਨੂੰ ਦਿਲ ਨਾ ਮੰਨਦਾ।

ਮੈਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਇੰਟਰਵਿਊ ਵਿਚੋਂ ਸਫਲ ਹੋ ਗਿਆ ਸਾਂ ਅਤੇ ਮੈਨੂੰ ਕੇਂਦਰੀ ਸਰਕਾਰ ਦੀ ਨੌਕਰੀ ਲਈ ਸੱਦਾ ਆ ਚੁੱਕਾ ਸੀ। ਸੱਦਾ ਤਾਂ 6 ਮਹੀਨੇ ਪਹਿਲਾਂ ਦਾ ਆਇਆ ਹੋਇਆ ਸੀ ਪਰ ਮੈਂ 6 ਮਹੀਨੇ ਦੀ ਮੋਹਲਤ ਮੰਗੀ ਸੀ ਤਾਂ ਕਿ ਐਮ.ਬੀ.ਏ. ਦੀ ਪੜ੍ਹਾਈ ਨੂੰ ਪੂਰਾ ਕਰ ਸਕਾਂ। ਤਿੰਨ ਮਹੀਨੇ ਗੁਜ਼ਰ ਜਾਣ ਬਾਅਦ ਇਕ ਜ਼ਰੂਰੀ ਤਾਰ ਅਤੇ ਚਿੱਠੀ ਆਈ ਜਿਸ ਵਿੱਚ ਮੋਹਲਤ ਲਈ ਸਾਫ ਇਨਕਾਰ ਕੀਤਾ ਹੋਇਆ ਸੀ। ਨਾਲ ਇਹ ਵੀ ਲਿਖਿਆ ਸੀ ਕਿ ਜੇ ਦੋ ਹਫਤਿਆਂ ਅੰਦਰ ਨੌਕਰੀ ਆਰੰਭ ਨਾ ਕੀਤੀ ਤਾਂ ਸ਼ਾਇਦ ਨੌਕਰੀ ਰੱਦ ਕਰ ਦਿੱਤੀ ਜਾਵੇ।

ਮੈਂ ਦੁਚਿਤੀ ਵਿੱਚ ਪੈ ਗਿਆ। ਕੀ ਐਮ.ਬੀ.ਏ. ਦੀ ਪੜ੍ਹਾਈ ਪੂਰੀ ਕਰ ਲੈਣੀ ਜ਼ਰੂਰੀ ਸੀ ਜਾਂ ਸਰਕਾਰੀ ਅਫਸਰੀ ਸਵੀਕਾਰ ਕਰਨੀ। ਫਿਰ ਸੋਚਿਆ ਕਿ ਪੜ੍ਹਾਈ ਤਾਂ ਫਿਰ ਆ ਕੇ ਵੀ ਮੁਕੰਮਲ ਕਰ ਲਵਾਂਗਾ ਪਰ ਇਹ ਅਹੁਦੇ ਵਾਲੀ ਨੌਕਰੀ ਸ਼ਾਇਦ ਦੁਬਾਰਾ ਨਸੀਬ ਨਾ ਹੋਵੇ। ਇਕ ਦੋ ਸ਼ੁਭ ਚਿਤਕਾਂ ਦੀ ਸਲਾਹ ਲਈ ਜਿਨ੍ਹਾਂ ਨੇ ਸਰਕਾਰੀ ਨੌਕਰੀ ਸਵੀਕਾਰ ਕਰਨ ਦੀ ਰਾਏ ਦਿੱਤੀ। "ਐਮ.ਬੀ.ਏ. ਕਰਨ ਤੋਂ ਬਾਅਦ ਵੀ ਤਾਂ ਨੌਕਰੀ ਹੀ ਢੂੰਡਣੀ ਏਂ," ਇਕ ਨੇ ਆਪਣਾ ਮੱਤ ਪ੍ਰਗਟ ਕੀਤਾ।

ਦੋ ਸਾਲ ਪਹਿਲਾਂ ਵੀ ਮੈਂ ਕੇਂਦਰੀ ਸਰਕਾਰੀ ਨੌਕਰੀ ਲਈ ਕਾਮ-ਯਾਬ ਹੋਇਆ ਸਾਂ ਪਰ ਮੈਨੂੰ ਸੱਦਾ ਨਹੀਂ ਭੇਜਿਆ ਗਿਆ ਸੀ। ਕਾਗਜ਼ੀ ਕਾਰਵਾਈ ਦੇ ਮੁਤਾਬਿਕ ਨੌਕਰੀ ਦੇਣ ਤੋਂ ਪਹਿਲਾਂ ਆਚਰਣ ਦੀ ਪੁਲਿਸ ਪੜਤਾਲ ਹੋਣੀ ਜ਼ਰੂਰੀ ਸੀ। ਮੈਂ ਇਕ ਦੋ ਮਹੀਨੇ ਇੰਤਜ਼ਾਰ ਕਰਦਾ ਰਿਹਾ। ਪਰ ਮੈਨੂੰ ਕੋਈ ਖਬਰ ਨਾ ਆਈ। ਪ੍ਰਾਈਵੇਟ ਨੌਕਰੀ ਤੋਂ ਮੈਂ ਪਹਿਲਾਂ ਹੀ ਅਸਤੀਫਾ ਦੇ ਚੁੱਕਾ ਸਾਂ। ਹਾਰ ਕੇ ਮੈਂ ਉਨ੍ਹਾਂ ਉਨ੍ਹਾਂ ਥਾਵਾਂ ਤੇ ਗਿਆ ਜਿਥੋਂ ਮੇਰੀ ਪੁਲਿਸ ਪੜਤਾਲ ਹੋਣੀ ਸੀ। ਬਾਕੀ ਸਭ ਪਾਸਿਆਂ ਤੋਂ ਪੁਲਿਸ ਪੜਤਾਲ ਹੋ ਚੁੱਕੀ ਸੀ ਪਰ ਇਕ ਜਗਾਹ ਤੋਂ ਨਹੀਂ ਪਹੁੰਚ ਰਹੀ ਸੀ। ਮੈਂ ਉਥੋਂ ਦੇ ਅਧਿਕਾਰੀ ਨੂੰ ਵੀ ਮਿਲਿਆ ਪਰ ਉਹ ਮੇਰੇ ਕਾਗਜ਼ਾਂ ਤੇ ਇੰਜ ਬੈਠਾ ਹੋਇਆ ਸੀ ਜਿਵੇਂ ਸੱਪ ਖੁੱਡ ਤੇ ਕੁੰਢਲੀ ਮਾਰ ਕੇ ਬੈਠਾ ਹੋਵੇ। ਸ਼ਰਾਫਤ ਨਾਲ ਕਿਸੇ ਕੰਮ ਨੂੰ ਪਿੱਛਾ ਕਰਨ ਦੀ ਵੀ ਹੱਦ ਹੁੰਦੀ ਹੈ। ਅੱਕ ਕੇ ਮੈਂ ਇਹੀ ਸੋਚਿਆ ਕਿ ਜੇ ਮੰਤਰਾਲੇ ਵਾਲਿਆਂ ਨੂੰ ਮੇਰੀ ਸੇਵਾ ਦੀ ਸਚਮੁੱਚ ਜ਼ਰੂਰਤ ਹੋਵੇਗੀ ਤਾਂ ਆਪਣੇ ਆਪ ਬੁਲਾ ਲੈਣਗੇ। ਪੌਣੇ ਦੋ ਸਾਲ ਗੁਜ਼ਰ ਗਏ ਪਰ ਉਨ੍ਹਾਂ ਕੋਈ ਖ਼ਬਰਸਾਰ ਨਾ ਭੇਜੀ।

ਇਸ ਦੌਰਾਨ ਮੈਨੂੰ ਐਮ.ਬੀ.ਏ. ਵਿੱਚ ਦਾਖਲਾ ਮਿਲ ਗਿਆ ਸੀ ਅਤੇ ਮੈਂ ਇਕ ਮਨ ਕਰਕੇ ਇਸਦੀ ਪੜ੍ਹਾਈ ਵਿੱਚ ਜੁਟ ਗਿਆ ਸਾਂ। ਮੈਂ ਇਸ ਕੋਰਸ ਨੂੰ ਪੂਰਾ ਕਰ ਲੈਣ ਦੇ ਹੱਕ ਵਿੱਚ ਸਾਂ। ਉਨ੍ਹੀਂ ਦਿਨੀ ਇਕ ਹੋਰ ਯੂ.ਪੀ. ਐਸ. ਸੀ. ਦੀ ਇੰਟਰਵੀਊ ਤੇ ਗਿਆ ਸਾਂ ਜਿਸਦੇ ਆਧਾਰ ਤੇ ਇਹ ਨਵਾਂ ਸੱਦਾ ਆਇਆ ਸੀ। ਕੇਂਦਰ ਦੀ ਨਵੀਂ ਸਰਕਾਰ ਨੇ ਪੁਲਿਸ ਪੜਤਾਲ ਦਾ ਕੰਮ ਵੀ ਬਦਲਾ ਦਿੱਤਾ ਸੀ।

ਮੈਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਚਲਾ ਗਿਆ। ਕਿਸੇ ਨੂੰ ਮੇਰੀ ਨੌਕਰੀ ਬਾਰੇ ਗਿਆਨ ਨਹੀਂ ਸੀ। ਹਰ ਕੋਈ ਖੁਸ਼ ਸੀ ਕਿ ਮੇਰੀ ਇੰਜਨੀਰਿੰਗ ਦੀ ਪੜ੍ਹਾਈ ਅਤੇ ਮਿਹਨਤ ਕਿਸੇ ਲੇਖੇ ਲਗੀ। ਬਜ਼ੁਰਗ ਮੇਰੇ ਮੋਢੇ ਤੇ ਥਾਪੀ ਦਿੰਦੇ ਅਤੇ ਕੋਈ ਕੋਈ ਗੰਭੀਰਤਾ ਨਾਲ ਬੋਲਦਾ, "ਭਾਈ ਹੁਣ ਤੂੰ ਵੱਡਾ ਅਫਸਰ ਬਣ ਗਿਆ ਏਂ। ਦੇਖੀਂ ਕਿਤੇ ਸਾਨੂੰ ਗਰੀਬਾਂ ਨੂੰ ਭੁਲਾ ਨਾ ਦੇਈਂ। ਪੜ੍ਹਿਆਂ ਲਿਖਿਆਂ ਨੂੰ ਬੱਸ ਇਹੀ ਬੀਮਾਰੀ ਹੁੰਦੀ ਏ। ਤੇਰੀ ਕਿਸਮਤ ਬੜੀ ਤੇਜ਼ ਏ। ਮਹੀਨੇ ਦੋ ਮਹੀਨੇ ਬਾਅਦ ਇੱਧਰ ਵੀ ਚੱਕਰ ਮਾਰਦਾ ਰਹੀਂ। ਅਸੀਂ ਤਾਂ ਹੁਣ ਤੈਨੂੰ ਅਸੀਸਾਂ ਦੇਣ ਜੋਗੇ ਹੀ ਰਹਿ ਗਏ ਹਾਂ," ਮੈਂ ਕਈ ਵਾਰ ਉਨ੍ਹਾਂ ਦੀਆਂ ਅਸੀਸਾਂ ਸੁਣ ਕੇ ਭਾਵਕ ਹੋ ਜਾਂਦਾ ਅਤੇ ਤਸੱਲੀ ਦੁਆਉਂਦਾ ਕਿ ਮੈਂ ਉਨ੍ਹਾਂ ਨੂੰ ਨਹੀਂ ਭੁਲਾਂਦਾ।

ਫਿਰ ਮੈਂ ਉਨ੍ਹਾਂ ਦੋਸਤਾਂ ਮਿਤਰਾਂ ਦੇ ਪਿੰਡ ਗਿਆ ਜਿਹੜੇ ਮੇਰੇ ਹਮਜਮਾਤੀ ਰਹਿ ਚੁੱਕੇ ਸਨ ਪਰ ਮਾਇਕ ਹਾਲਤ ਸਹੀ ਨਾ ਹੋਣ ਕਰਕੇ ਅੱਗੇ ਨਾ ਪੜ੍ਹ ਸਕੇ। ਹਰ ਕੋਈ ਸ਼ੁਭ ਕਾਮਨਾਵਾਂ ਦਿੱਤੇ ਬਗੈਰ ਨਾ ਰਹਿੰਦਾ ਅਤੇ ਵਿਛੜਨ ਵੇਲੇ ਘੁੱਟ ਘੁੱਟ ਕੇ ਜੱਫੀਆਂ ਪਾ ਕੇ ਮਿਲਦੇ।

ਆਖ਼ੀਰ ਤੇ ਮੈਂ ਆਪਣੇ ਪਿੰਡ ਗਿਆ ਅਤੇ ਸਭ ਜਾਣਕਾਰਾਂ ਨੂੰ ਮਿਲਿਆ। ਪਿੰਡ ਦਾ ਲੰਬਰਦਾਰ ਬੋਲਿਆ, "ਮੈਨੂੰ ਤੇਰੀ ਇਸ ਨੌਕਰੀ ਬਾਰੇ ਤਾਂ ਇਲਮ ਨਹੀਂ ਪਰ ਮੈਂ ਤਾਂ ਹਾਲੇ ਵੀ ਇਹੀ ਸੋਚਦਾ ਹਾਂ ਕਿ ਜੇ ਤੂੰ ਕਿਤੇ ਪਟਵਾਰੀ ਜਾਂ ਕਾਨੂੰਨਗੋ ਜਾਂ ਉਵਰਸੀਅਰ ਦੀ ਨੌਕਰੀ ਕਰ ਲਵੇਂ ਤਾਂ ਚੰਗਾ ਰਹੇਂਗਾ। ਵੈਸੇ ਤੇਰੇ ਵਰਗੇ ਪੜ੍ਹੇ ਲਿਖੇ ਦਾ ਤਾਂ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਨਿਕਲ ਜਾਣਾ ਠੀਕ ਰਹਿੰਦਾ ਪਰ , ਖੈਰ, ਜਿਵੇਂ ਤੇਰੀ ਮਰਜ਼ੀ।" ਪਿੰਡ ਦੀਆਂ ਬਿਰਧ ਔਰਤਾਂ ਮੇਰੀ ਮਾਂ ਨੂੰ ਯਾਦ ਕਰਨ ਲੱਗ ਪੈਂਦੀਆਂ, "ਹਾਇ ਹਾਇ, ਅੱਜ ਕਿਤੇ ਤੇਰੀ ਮਾਂ ਹੁੰਦੀ ਤਾਂ ਧਰਤੀ ਤੇ ਪੈਰ ਨਾ ਲਾਉਂਦੀ। ਕਿਵੇਂ ਤੁਹਾਨੂੰ ਪਾਲਿਆ ਸੀ ਅਤੇ ਵੱਡੇ ਕੀਤਾ ਸੀ ਵਿਚਾਰੀ ਨੇ। ਦੇਖਿਆ ਹੀ ਕੁਝ ਨਾ। ਕੱਚਾ ਆਵਾ ਵਿੱਚੇ ਹੀ ਛੱਡ ਕੇ ਚਲਦੀ ਵਸੀ ਚਲੋ ਭਰਾਵਾ, ਸਭ ਨੇ ਇਕ ਦਿਨ ਉੱਥੇ ਹੀ ਚਲੇ ਜਾਣਾ ਏ। ਮੌਤ ਅੱਗੇ ਕਿਸੇ ਦਾ ਕੀ ਜ਼ੋਰ। ਚੰਗਾ ਪੁਤਰਾ, ਪਿੰਡ ਗੇੜਾ ਮਾਰਦਾ ਰਹੀਂ। ਫਿਰ ਵੀ ਤੁਹਾਡੀ ਜੰਮਣ ਭੋਂ ਏ," ਉਨ੍ਹਾਂ ਦੀਆਂ ਪੁਰਾਣੀਆਂ ਯਾਦਾਂ ਖ਼ਤਮ ਨਾ ਹੁੰਦੀਆਂ।

ਗੱਡੀ ਫੜਨ ਤੋਂ ਇਕ ਦਿਨ ਪਹਿਲਾਂ ਮੈਂ ਫਿਰ ਯੂਨੀਵਰਸਿਟੀ ਗਿਆ ਅਤੇ ਸਾਰੇ ਰਹਿ ਚੁੱਕੇ ਜਾਣਕਾਰਾਂ ਨੂੰ ਮਿਲਿਆ। ਮੇਰੇ ਹਮਜਮਾਤੀਆਂ ਨੇ ਇਕ ਅੱਛੇ ਰੈਸਟੋਰੈਂਟ ਵਿੱਚ ਮੈਨੂੰ ਦੁਪਹਿਰ ਦੇ ਖਾਣੇ ਲਈ ਸੱਦਾ ਦਿੱਤਾ। ਹਰ ਕੋਈ ਆਪੋ ਆਪਣੇ ਨਜ਼ਰੀਏ ਤੋਂ ਮੇਰੀ ਸ਼ਖਸੀਅਤ ਬਾਰੇ ਬੋਲ ਰਿਹਾ ਸੀ। ਹਮਜਮਾਤੀਆਂ ਤੋਂ ਜੁਦਾ ਹੋਣਾ ਬੜਾ ਦੁਖਦਾਈ ਲੱਗ ਰਿਹਾ ਸੀ।

ਮੈ ਲਾਇਬ੍ਰੇਰੀ ਦੀਆਂ ਉਧਾਰ ਲਈਆਂ ਕਿਤਾਬਾਂ ਵਾਪਸ ਕੀਤੀਆਂ। ਹੋਸਟਲ, ਮੈੱਸ, ਲਾਇਬ੍ਰੇਰੀ ਵੱਲ ਰੁਪਏ ਪੈਸਿਆਂ ਦਾ ਹਿਸਾਬ ਕਿਤਾਬ ਚੁਕਦਾ ਕੀਤਾ। ਹਰ ਕੋਈ ਮੇਰਾ ਕੰਮ ਪਹਿਲ ਨਾਲ ਕਰ ਰਿਹਾ ਸੀ ਤਾਂ ਕਿ ਮੈਂ ਕਿਸੇ ਦੀ ਬੁਰੀ ਯਾਦ ਨਾਲ ਲੈ ਕੇ ਨਾ ਜਾਵਾਂ।

ਐਮ.ਬੀ.ਏ. ਕਰਦੇ ਸਮੇਂ ਮੇਰੇ ਕਦੇ ਵਧੇਰੇ ਨੰਬਰ ਨਹੀ ਸਨ ਆਏ। ਮੈ ਹਮੇਸ਼ਾ ਪਿਛਲੇ ਬੈਂਚ 'ਤੇ ਬੈਠਿਆ ਕਰਦਾ ਸਾਂ ਪਰ ਫਿਰ ਵੀ ਮੇਰੇ ਹੁਸ਼ਿਆਰ ਹਮਜਮਾਤੀ ਅਤੇ ਅਧਿਆਪਕ ਮੈਨੂੰ ਅੱਖੋਂ ਉਹਲੇ ਨਹੀਂ ਕਰਦੇ ਸਨ। ਵਿਛੜਨ ਵੇਲੇ ਇਕ ਦੋ ਅਧਿਆਪਕ ਮੇਰੀ ਆਲੋਚਨਾ ਕਰਨੋ ਰਹਿ ਨਾ ਸਕੇ ਪਰ ਮੈਂ ਉਨ੍ਹਾਂ ਦਾ ਬੁਰਾ ਨਾ ਮਨਾਇਆ ਕਿਉਂਕਿ ਹਰ ਅਧਿਆਪਕ ਤੋਂ ਮੈਂ ਕੋਈ ਨਾ ਕੋਈ ਚੰਗਿਆਈ ਸਿੱਖੀ ਸੀ।

ਮੈਂ ਚੰਡੀਗੜ੍ਹ ਤੋਂ ਗੱਡੀ ਪਕੜਨੀ ਸੀ ਅਤੇ ਪਹਿਲਾਂ ਕਲਕਤੇ ਹੈੱਡ ਕੁਆਰਟਰਜ਼ ਜਾਣਾ ਸੀ। ਕਲਕਤੇ ਮੇਰਾ ਭਰਾ ਵੀ ਰਹਿੰਦਾ ਸੀ। ਸੋ ਮੈਨੂੰ ਪੰਜਾਬ ਤੋਂ ਦੂਰ ਰਹਿਣ ਦੀ ਜ਼ਿਆਦਾ ਚਿੰਤਾ ਨਹੀਂ ਸੀ।

ਚੰਡੀਗੜ੍ਹ ਜਾਣ ਤੋ ਕੁਝ ਘੰਟੇ ਪਹਿਲਾਂ ਮੈਂ ਫਿਰ ਆਪਣੇ ਭਾਜੀ ਪਾਸ ਗਿਆ ਅਤੇ ਉਸਨੂੰ ਜਾਣ ਦਾ ਸਾਰਾ ਪ੍ਰੋਗਰਾਮ ਦੱਸਿਆ। ਗੱਲਾਂ ਗੱਲਾਂ ਵਿੱਚ ਉਹ ਮੈਨੂੰ ਪੁੱਛ ਬੈਠਾ, "ਉਏ ਭਾਈ, ਤੂੰ ਆਪਣੇ ਡੀਨ ਸਾਹਿਬ ਨਾਲ ਵੀ ਮੁਲਾਕਾਤ ਕੀਤੀ ਏ ਕਿ ਨਹੀਂ ?"

"ਨਹੀਂ", ਮੈਂ ਜਲਦੀ ਨਾਲ ਉੱਤਰ ਦਿੱਤਾ।

"ਹੈਂ! ਉਏ ਭੋਲਿਆ, ਤੈਂ ਆਪਣੀ ਡਿਗਰੀ ਪੂਰੀ ਕਰਨੀ ਏ ਕਿ ਨਹੀਂ ? ਕੱਲ੍ਹ ਨੂੰ ਜੇ ਤੈਨੂੰ ਯੂਨੀਵਰਸਿਟੀ ਨੇ ਦਾਖਲਾ ਹੀ ਨਾ ਦਿੱਤਾ ਤਾਂ ਬੱਸ ਹੋ ਗਈ ਸਮਝੋ ਤੇਰੀ ਐਮ.ਬੀ.ਏ ਪੂਰੀ। ਮੈਂ ਤਾਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਜਾਣ ਤੋ ਪਹਿਲਾਂ ਸਭ ਨੂੰ ਮਿਲਦਾ ਜਾਈਂ। ਅੱਗੋਂ ਤੇਰੀ ਮਰਜ਼ੀ ਏ," ਭਾਜੀ ਪਿਆਰ ਭਰੀ ਡਾਂਟ ਮਾਰਦੇ ਹੋਏ ਬੋਲੇ।

ਮੈਂ ਆਪਣੀ ਘੜੀ ਵਲ ਵੇਖਿਆ। ਹਾਲੇ ਮਿਥੇ ਸਮੇਂ ਤੋਂ ਬੱਸ ਪਕੜਨ ਲਈ ਅੱਧਾ ਘੰਟਾ ਬਾਕੀ ਸੀ। ਸੋਚਿਆ ਹਾਲੇ ਸਮਾਂ ਤਾਂ ਮਿਲਣ ਦਾ ਸੀ ਪਰ ਜੇ ਡੀਨ ਸਾਹਿਬ ਦੂਸਰੇ ਲੋਕਾਂ ਜਾਂ ਕੰਮਾਂ ਵਿੱਚ ਰੁੱਝੇ ਹੋਏ ਤਾਂ ਮਿਲਣਾ ਮੁਸ਼ਕਲ ਹੋਵੇਗਾ। ਜੇ ਕਿਤੇ ਮੈਨੂੰ ਪੁੱਛ ਬੈਠੇ ਕਿ ਐਮ.ਬੀ.ਏ. ਕਰਕੇ ਤਾਂ ਸਾਡੇ ਵਿਦਿਆਰਥੀ ਪ੍ਰਾਈਵੇਟ ਕੰਪਨੀਆਂ ਦੀ ਨੌਕਰੀ ਕਰਨਾ ਪਸੰਦ ਕਰਦੇ ਹਨ ਤਾਂ ਜੁਆਬ ਦੇਣਾ ਹੋਰ ਵੀ ਮੁਸ਼ਕਲ ਹੋ ਜਾਵੇਗਾ। ਫਿਰ ਖਿਆਲ ਆਇਆ ਚਲੋ ਜੇ ਮੌਲਵੀ ਸਬਕ ਨਹੀਂ ਦੇਵੇਗਾ ਤਾਂ ਘਰ ਨੂੰ ਵਾਪਸ ਆਉਣੋਂ ਤਾਂ ਨਹੀਂ ਰੋਕੇਗਾ। ਇਹ ਸੋਚ ਕੇ ਮੈਂ ਮੁਲਾਕਾਤ ਕਰਨ ਦਾ ਫੈਸਲਾ ਕਰ ਲਿਆ। ਡੀਨ ਸਾਹਿਬ ਦਾ ਲੜਕਾ ਸਾਡਾ ਹਮਜਮਾਤੀ ਸੀ ਅਤੇ ਆਪਣੇ ਸਕੂਟਰ ਤੇ ਮੈਨੂੰ ਬੱਸ ਸਟੇਸ਼ਨ ਤੇ ਵਿਦਾ ਕਰਨ ਲਈ ਭਾਜੀ ਦੇ ਘਰ ਆਇਆ ਹੋਇਆ ਸੀ। ਮੈਂ ਉਸਦੇ ਸਕੂਟਰ ਤੇ ਬੈਠ ਕੇ ਉਸ ਦੇ ਪਿਤਾ ਜੀ ਨੂੰ ਮਿਲਣ ਚਲ ਪਿਆ।

ਡੀਨ ਸਾਹਿਬ ਆਪਣੇ ਦਫਤਰ ਵਿੱਚ ਹੀ ਬੈਠੇ ਸਨ। ਉਨ੍ਹਾਂ ਦਾ ਲੜਕਾ ਸਿੱਧਾ ਮੈਨੂੰ ਉਨ੍ਹਾਂ ਦੇ ਦਫਤਰ ਲੈ ਗਿਆ ਅਤੇ ਮੇਰੀ ਮੁਲਾਕਾਤ ਕਰਵਾਈ।

"ਮੈਂ ਬੇਟਾ, ਇਸ ਲੜਕੇ ਨੂੰ ਪਹਿਲੇ ਤੋਂ ਹੀ ਜਾਣਦਾ ਹਾਂ।" ਉਨ੍ਹਾਂ ਨੇ ਆਪਣੇ ਲੜਕੇ ਨੂੰ ਸੰਬੋਧਿਤ ਕਰਦੇ ਕਿਹਾ।

ਮੈਂ ਡੀਨ ਸਾਹਿਬ ਨੂੰ ਦੱਸਿਆ ਕਿ ਮੈਂ ਇੰਜੀਨੀਅਰਿੰਗ ਦੀ ਡਿਗਰੀ ਦੇ ਆਧਾਰ ਤੇ ਯੂ.ਪੀ. ਐਸ.ਸੀ. ਵਲੋਂ ਕਲਾਸ ਵੱਨ ਗਜ਼ਟਿਡ ਪੋਸਟ ਲਈ ਚੁਣਿਆ ਗਿਆ ਸਾਂ ਅਤੇ ਹੁਣ ਕਲਕੱਤੇ ਜਾ ਰਿਹਾ ਸਾਂ। ਜਾਣ ਤੋਂ ਪਹਿਲਾਂ ਇਕ ਵਾਰ ਤੁਹਾਡੇ ਦਰਸ਼ਣ ਕਰਨੇ ਚਾਹੇ ਸਨ।

"ਅੱਛਾ", ਉਹ ਕਾਗਜ਼ਾਂ ਵਿਚੋਂ ਕਲਮ ਉਠਾਂਦੇ ਬੋਲੇ।

"ਕੀ ਯੂ.ਪੀ. ਐਸ. ਸੀ. ਵਿੱਚ ਕੋਈ ਜਾਣਕਾਰ ਸੀ ?" ਉਨ੍ਹਾਂ ਸਵਾਲ ਕੀਤਾ।

"ਨਹੀਂ ਜੀ, ਮੇਰੀ ਯੂ.ਪੀ. ਐਸ. ਸੀ. ਵਿੱਚ ਤਾਂ ਕੀ ਆਪਣੇ ਪੰਜਾਬ ਵਿੱਚ ਵੀ ਕੋਈ ਜਾਣਕਾਰੀ ਨਹੀਂ। ਮੈਂ ਤਾਂ ਬਸ ਇੰਜ ਹੀ 1 ਸਾਲ ਪਹਿਲਾਂ ਇੰਟਰਵੀਉ ਦੇ ਆਇਆ ਸਾਂ। ਇਹ ਵੀ ਆਸ ਨਹੀਂ ਸੀ ਕਿ ਸਫਲ ਹੋਵਾਂਗਾ ਕਿ ਨਹੀਂ। ਵੈਸੇ ਯੂ.ਪੀ.ਐਸ. ਸੀ. ਵਿੱਚ ਇਹ ਮੇਰੀ ਦੂਸਰੀ ਇੰਟਰਵੀਉ ਸੀ। ਤੁਹਾਡੇ ਅਸ਼ੀਰਵਾਦ ਨਾਲ ਦੋਵੇਂ ਵਾਰ ਹੀ ਕਾਮਯਾਬੀ ਰਿਹਾ ਸਾਂ," ਮੈ ਬੋਲਿਆ।

"ਹੂੰ, ਚਲੋ ਚੰਗਾ ਮੈਨੇਜਰ ਦੀ ਨੌਕਰੀ ਮਿਲ ਗਈ। ਵੈਸੇ ਯੂ.ਪੀ. ਐਸ. ਸੀ. ਵਿੱਚ ਕੋਈ ਬੋਰਡ ਦਾ ਬੰਦਾ ਤਾਂ ਜਾਣਦਾ ਹੀ ਹੋਵੇਗਾ", ਉਨ੍ਹਾਂ ਦੁਬਾਰਾ ਉਹੀ ਸੁਆਲ ਦੁਹਰਾਇਆ।

"ਨਹੀਂ ਜੀ, ਮੈਂ ਕਿਸੇ ਮੈਂਬਰ ਨੂੰ ਨਹੀਂ ਸੀ ਜਾਣਦਾ। ਵੈਸੇ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਕੌਣ ਮੈਂਬਰ ਹੋਵੇਗਾ ਕਿਉਂਕਿ ਸਰਕਾਰ ਐਸੀਆਂ ਨੌਕਰੀਆਂ ਲਈ ਬੋਰਡ ਦੇ ਮੈਂਬਰਾਂ ਦੇ ਨਾਂ ਬਹੁਤ ਗੁਪਤ ਰੱਖਦੀ ਏ," ਮੈਂ ਮੂੰਹ ਦਾ ਪਸੀਨਾ ਪੂੰਝਦੇ ਉਨ੍ਹਾਂ ਦੇ ਮਨ ਦਾ ਭਰਮ ਦੂਰ ਕਰਨ ਲਈ ਜੁਆਬ ਦਿੱਤਾ।

"ਮਾਈ ਡੀਅਰ, ਥੋੜ੍ਹੀ ਬਹੁਤੀ ਵਾਕਫੀਅਤ ਤੋਂ ਬਗ਼ੈਰ ਤਾਂ ਅੱਜ-ਕਲ ਕੋਈ ਚਪੜਾਸੀ ਵੀ ਨਹੀਂ ਰੱਖਦਾ। ਖ਼ੈਰ, ਓ.ਕੇ.", ਉਨ੍ਹਾਂ ਖਹਿੜਾ ਛੁਡਾਉਣ ਲਈ ਉੱਤਰ ਦਿੱਤਾ।

"ਆਪ ਜੀ ਦਾ ਬਹੁਤ ਬਹੁਤ ਧੰਨਵਾਦ", ਇਹ ਕਹਿਕੇ ਮੈਂ ਉਨ੍ਹਾਂ ਦੇ ਦਫਤਰ ਤੋਂ ਬਾਹਰ ਆ ਗਿਆ। ਡੀਨ ਸਾਹਿਬ ਦਾ ਲੜਕਾ ਮੈਨੂੰ ਆਪਣੇ ਸਕੂਟਰ ਤੇ ਬਿਠਾ ਕੇ ਫਿਰ ਭਾਜੀ ਪਾਸ ਲੈ ਗਿਆ ਜੋ ਮੇਰਾ ਇੰਤਜ਼ਾਰ ਕਰ ਰਹੇ ਸਨ।

ਜਲਦੀ ਵਾਪਸ ਮੁੜ ਆਇਆਂ ਨੂੰ ਦੇਖ ਕੇ ਭਾਜੀ ਨੇ ਸਕੂਟਰ ਤੋਂ ਉਤਰਦੇ ਨੂੰ ਪੁਛਿਆ, " ਮਿਲ ਗਏ ਸਨ ਡੀਨ ਸਾਹਿਬ ? ਕਮਲਿਆ ਵੱਡਿਆਂ ਬੰਦਿਆਂ ਨਾਲ ਹਮੇਸ਼ਾ ਜੀ ਹਜ਼ੂਰੀ ਕਰਕੇ ਰੱਖੀਦੀ ਏ। ਜਿਵੇਂ ਜਿਵੇਂ ਤੂੰ ਨੌਕਰੀ ਕਰੇਂਗਾ ਤੈਨੂੰ ਇਨ੍ਹਾਂ ਗਲਾਂ ਦਾ ਅਹਿਸਾਸ ਹੁੰਦਾ ਜਾਵੇਗਾ" ਭਾਜੀ ਪਹਿਲਾਂ ਦੀ ਤਰ੍ਹਾਂ ਮੈਨੂੰ ਛੋਟਾ ਭਰਾ ਸਮਝ ਕੇ ਨਸੀਹਤਾਂ ਦੇਈ ਜਾ ਰਹੇ ਸਨ।

(ਬਾਕੀ ਪੰਨਾ 31 ਤੇ)

ਤੇ ਦੂਜੇ ਪਾਸੇ ਏਸ਼ੀਆ ਤੇ ਖ਼ਾਸ ਕਰਕੇ ਮੁਸਲਿਮ, ਰਾਸ਼ਟਰੀ ਗੁਲਾਮੀ ਦੇ ਘੋਰ ਅੰਧੇਰੇ ਵਿਚ ਫਸਦੇ ਜਾ ਰਹੇ ਸਨ।

ਇਕਬਾਲ ਦੀ ਕਵਿਤਾ ਵਿਚ ਮਹਾਮਾਨਵ ਦੀ ਕਲਪਨਾ ਵਿਚ ਕੁਝ ਉਲਝਣਾਂ ਹਨ। 'ਸ਼ਿਕਵਾ' ਤੇ 'ਜਵਾਬੇ ਸ਼ਿਕਵਾ' ਵਿਚ ਕੇਵਲ ਅਜਿਹੇ ਮੁਸਲਮਾਨਾਂ ਦੀ ਜ਼ਬਾਨੀ ਫਰਿਆਦ ਹੈ, ਜੋ ਮੁਸਲਮਾਨ ਘਰਾਣਿਆਂ 'ਚ ਜਨਮ ਲੈਣ ਕਰਕੇ ਮੁਸਲਮਾਨ ਕਹੇ ਜਾਂਦੇ ਹਨ। ਪਰੰਤੂ ਹੋਰ ਨਜ਼ਮਾਂ ਵਿਚ ਮਹਾਮਾਨਵ ਦਾ ਇਹ ਰੂਪ ਕੇਵਲ ਜਨਮ ਦੁਆਰਾ ਮੁਸਲਮਾਨ ਕਹੇ ਜਾਣ ਵਾਲਿਆਂ ਤੱਕ ਹੀ ਸੀਮਿਤ ਨਹੀਂ ਹੈ। ਇਨ੍ਹਾਂ ਲੋਕਾਂ ਦੀ ਸ਼ਖ਼ਸੀਅਤ ਨੂੰ ਇਕਬਾਲ ਨੇ ਬੜਾ ਮਹੱਤਵ ਦਿੱਤਾ ਹੈ। ਇਕ ਜਗ੍ਹਾ ਤਾਂ ਉਸਨੇ ਇਥੋਂ ਤੱਕ ਕਹਿ ਦਿੱਤਾ ਹੈ:

ਖ਼ੁਦੀ ਕੋ ਕਰ ਬੁਲੰਦ ਇਤਨਾ
ਕਿ ਹਰ ਤਕਦੀਰ ਸੇ ਪਹਲੇ।
ਖ਼ੁਦਾ ਬੰਦੇ ਸੇ ਖ਼ੁਦ ਪੂਛੇ
ਬਤਾ ਤੇਰੀ ਰਜ਼ਾ ਕਯਾ ਹੈ।

ਇਕਬਾਲ ਅਨੁਸਾਰ ਮਨੁੱਖ, ਇਕ ਮਜਬੂਰ ਜਾਂ ਛਿਣ ਭਰ ਪਿਛੋਂ ਮਿਟਣ ਵਾਲਾ ਬੁਲਬੁਲਾ ਨਹੀਂ ਹੈ, ਜੋ ਮਿੱਟ ਜਾਣ ਤੇ ਆਪਣਾ ਵਿਅਕਤਿਤਵ ਖੋ ਦਿੰਦਾ ਹੈ, ਸਗੋਂ ਇਕ ਅਜਿਹਾ ਅਸਤਿਤਵ ਹੈ, ਜੋ ਅਮਰ ਹੈ। ਇਕਬਾਲ ਨੇ ਮਨੁੱਖ ਦੀ ਹੋਂਦ ਨੂੰ ਕਿਸੇ ਹਾਲਤ ਵਿਚ ਵੀ ਉਸ ਦੇ ਵਿਅਕਤਿਤਵ 'ਚੋਂ ਗੁੰਮ ਹੋ ਜਾਣ ਦੀ ਕਲਪਨਾ ਨਹੀਂ ਕੀਤੀ।

ਇਕਬਾਲ ਨੇ ਸ਼ਾਇਰੀ ਤੇ ਕਲਾ ਦਾ ਜੋ ਉਦੇਸ਼ ਸਾਹਮਣੇ ਰੱਖਿਆ ਸੀ, ਉਸ ਵਿਚ ਵਿਅਕਤੀਗਤ ਰੋਮਾਂਸ ਨੂੰ ਕੋਈ ਥਾਂ ਪ੍ਰਾਪਤ ਨਹੀਂ ਸੀ। ਉਹ ਕਲਾ ਨੂੰ 'ਖ਼ੁਦੀ' ਜਾਂ ਉਤਸ਼ਾਹ ਅਤੇ ਕਾਰਜਪ੍ਰੇਮ ਦੀ ਅਗਨੀ ਨੂੰ ਪ੍ਰਜਵੱਲਿਤ ਕਰਨ ਦਾ ਸਾਧਨ ਮੰਨਦਾ ਸੀ। ਉਹ 'ਆਰਟ' ਜੋ ਮਨੁੱਖ ਵਿਚ ਥਕਾਵਟ ਤੇ ਨਿਰਾਸ਼ਾ ਉਤਪੰਨ ਕਰੇ, ਇਕਬਾਲ ਅਨੁਸਾਰ 'ਆਰਟ' ਨਹੀਂ ਹੈ। 'ਆਰਟ' ਤੇ ਸੁੰਦਰਤਾ ਦੀ ਕਸਵੱਟੀ ਹੀ ਇਹ ਹੈ ਕਿ ਇਨ੍ਹਾਂ ਨਾਲ ਜੀਵਨ ਵਿਚ ਉਤਸ਼ਾਹ ਪੈਦਾ ਹੋਵੇ ਅਤੇ ਕਾਰਜ ਪ੍ਰਤੀ ਮਨੁੱਖ ਖਿਚਿਆ ਜਾਵੇ।

ਟੀ.ਐਸ ਈਲੀਅਟ ਨੇ ਸ਼ਾਇਰੀ ਦੀਆਂ ਜਿਨ੍ਹਾਂ ਤਿੰਨ ਆਵਾਜ਼ਾਂ ਦਾ ਉਲੇਖ ਕੀਤਾ ਹੈ, ਉਸ ਮੁਤਾਬਕ ਇਕਬਾਲ ਦੀ ਆਵਾਜ਼ ਦੂਜੀ ਸ਼੍ਰੇਣੀ ਦੀ ਹੈ। ਇਕਬਾਲ ਦੀ ਸਫ਼ਲਤਾ ਦਾ ਰਾਜ਼ ਇਹ ਹੈ ਕਿ ਉਹ ਦਰਸ਼ਨ-ਸ਼ਾਸਤ੍ਰੀ ਤੋਂ ਕਿਤੇ ਵੱਡਾ ਸ਼ਾਇਰ ਅਤੇ ਕਲਾਕਾਰ ਸੀ। ਉਸਦੀ ਸ਼ਾਇਰੀ ਯੁਗ, ਕੌਮ ਅਤੇ ਦੇਸ਼ਕਾਲ ਦੀਆਂ ਸੀਮਾਵਾਂ ਨੂੰ ਪਾਰ ਕਰ ਚੁੱਕੀ ਹੈ।

ਇਹ ਆਮ ਕਿਹਾ ਜਾਂਦਾ ਰਿਹਾ ਹੈ ਕਿ ਇਕਬਾਲ ਦਾ ਦਰਸ਼ਨ ਕੇਵਲ ਇਸਲਾਮ ਤੇ ਨਿਰਭਰ ਹੈ। ਪਰੰਤੂ ਜਿਸ ਤਰ੍ਹਾਂ ਖ਼ੁਦ ਇਕਬਾਲ ਨੇ ਪੂਰਬੀ ਤੇ ਪੱਛਮੀ ਵਿਦਵਾਨਾਂ ਤੇ ਦਰਸ਼ਨ-ਸ਼ਾਸਤ੍ਰੀਆਂ ਦੇ ਵਿਚਾਰਾਂ ਨੂੰ ਗ੍ਰਹਿਣ ਕੀਤਾ ਹੈ, ਉਸੇ ਪ੍ਰਕਾਰ ਇਕਬਾਲ ਦੇ ਦਰਸ਼ਨ-ਸ਼ਾਸਤ੍ਰ ਤੇ ਉਸਦੀ ਕਵਿਤਾ ਦੇ ਮੂਲ ਗੁਣਾਂ ਨੂੰ ਚੁਣ ਕੇ ਅਪਨਾਉਣ ਦੀ ਲੋੜ ਹੈ। ਇਕਬਾਲ ਨੇ ਭਰਥਰੀ ਹਰੀ, ਸਵਾਮੀ ਰਾਮਤੀਰਥ, ਗੁਰੂ ਨਾਨਕ, ਰਾਮਚੰਦਰ ਤੇ ਸ੍ਰੀ-ਕ੍ਰਿਸ਼ਨ ਦਾ ਥਾਂ-ਥਾਂ ਤੇ ਬੜੀ ਪ੍ਰਸ਼ੰਸਾ ਨਾਲ ਵਰਣਨ ਕੀਤਾ ਹੈ। ਇਸੇ ਪ੍ਰਕਾਰ ਉਸ ਨੇ ਈਰਾਨ ਦੇ ਰੂਮੀ, ਯੂਰਪ ਦੇ ਨੀਤਸ਼ੇ, ਮਾਰਕਸ, ਲੈਨਿਨ, ਮੁਸੋਲੀਨੀ, ਨੈਪੋਲੀਅਨ, ਬਰਗਸਾਂ ਅਤੇ ਦੂਸਰੇ ਵਿਦਵਾਨਾਂ ਦਾ ਵੀ ਜ਼ਿਕਰ ਕੀਤਾ ਹੈ।

ਅੱਜ ਇਕਬਾਲ ਦੇ ਦਰਸ਼ਨ-ਸ਼ਾਸਤ੍ਰ ਤੋਂ ਨਵੇਂ ਭਾਰਤ ਨੂੰ ਇਹ ਸਿਖਿਆ ਲੈਣੀ ਚਾਹੀਦੀ ਹੈ ਕਿ ਜੀਵਨ ਗਤੀਸ਼ੀਲ ਹੈ ਅਤੇ ਜੋ ਵਿਅਕਤੀ ਜਾਂ ਰਾਸ਼ਟਰ ਗਤੀ ਅਤੇ ਕਾਰਜ ਦੇ ਉਤਸ਼ਾਹ ਵਿਚ ਵਿਸ਼ਵਾਸ ਰੱਖਦੇ ਹਨ, ਉਹੀ ਉਨਤੀ ਦੀਆਂ ਮੰਜ਼ਿਲਾਂ ਨੂੰ ਸਰ ਕਰ ਸਕਦੇ ਹਨ। ○

(ਪੰਨਾ 29 ਦੀ ਬਾਕੀ)

"ਮਿਲ ਗਏ ਸਨ ਡੀਨ ਸਾਹਿਬ ਤੇ ਨਾਲੇ ਉਨ੍ਹਾਂ ਦਾ ਅਸ਼ੀਰਵਾਦ। ਮੈਂ ਭਾਜੀ, ਵੱਡਾ ਆਦਮੀ ਬਣਨਾ ਨਹੀਂ ਚਾਹੁੰਦਾ। ਇੰਜ ਲਗਦਾ ਏ ਕਿ ਜਿਉਂ ਜਿਉਂ ਮੁਰਗੀ ਵੱਡੀ ਹੁੰਦੀ ਜਾਂਦੀ ਏ, ਆਂਡਾ ਛੋਟਾ ਦੇਣ ਲੱਗ ਪੈਂਦੀ ਏ," ਮੈਂ ਭਾਜੀ ਨੂੰ ਪਹਿਲੀ ਵਾਰ ਖਰ੍ਹਵੇ ਰੁਖ ਨਾਲ ਬੋਲਿਆ।

"ਓਏ ਭੋਲਿਆ, ਵਿਛੜਨ ਵੇਲੇ ਕਿਸੇ ਨਾਲ ਗਿਲਾ ਗੁੱਸਾ ਨਹੀਂ ਦੁਖਾਈਦਾ ਤੇ ਨਾ ਹੀ ਮਹਿਸੂਸ ਕਰੀਦਾ ਹੈ," ਭਾਜੀ ਮੇਰੀ ਗਲ ਨੂੰ ਵਿੱਚੋਂ ਕਟਦੇ ਬੋਲੇ।

ਬੱਸ ਸਟੈਂਡ ਤੇ ਮੈਂ ਦੋਹਾਂ ਦੋਸਤਾਂ ਨਾਲ ਗਲਵਕੜੀ ਪਾਈ ਅਤੇ ਸਭ ਦੀਆਂ ਪ੍ਰੇਮ ਭਰੀਆਂ ਸ਼ੁਭ ਇਛਾਵਾਂ ਨਾਲ ਲਈ ਜ਼ਿੰਦਗੀ ਦੇ ਨਵੇਂ ਪੜਾਅ ਵਲ ਚਲ ਪਿਆ। ਪਰ ਅਸ਼ੀਰਵਾਦ ਦੀ ਥਾਂ ਡੀਨ ਸਾਹਿਬ ਦੀ ਕਠੋਰ ਨਜ਼ਰ ਮੈਨੂੰ ਲੰਮੇ ਸਮੇਂ ਤਕ ਘੂਰਦੀ ਰਹੀ ਤੇ ਕਹਿੰਦੀ ਰਹੀ, "ਪੁਤਰਾ ਤੂੰ ਜ਼ਰੂਰ ਕੋਈ ਸਫਾਰਸ਼ ਪਵਾਈ ਏ।"

ਹਿੰਦੂ ਅਉ ਤੁਰਕ ਕੋਊ ਰਾਫਜ਼ੀ, ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ
—ਗੁਰੂ ਗੋਬਿੰਦ ਸਿੰਘ

# ਜਾਗ੍ਰਤੀ

ਮਾਰਚ, 1986

ਇਕ ਰੁਪਿਆ



# ਕਹਾਣੀ

## ਮੌਸੀ

○

ਅਮਰਜੀਤ ਸਿੰਘ ਬਲਗੀਰ

''ਭੈਣ ਜੀ, ਇਧਰ ਦੀਆਂ ਸਫ਼ਾਈ ਕਰਨ ਵਾਲੀਆਂ ਤੋਂ ਚੌਕੰਨੇ ਰਹਿਣਾ।'' ਰਤਾ ਅੱਖ ਇੱਧਰ ਉੱਧਰ ਹੋਈ ਨੀ ਤੇ ਉਨ੍ਹਾਂ ਨੇ ਚੀਜਾਂ ਦਾ ਸਫਾਇਆ ਕੀਤਾ ਨੀ'', ਸਾਡੀ 'ਗੁਆਂਢਣ ਮੇਰੀ ਘਰਵਾਲੀ ਨੂੰ ਮਤ ਦੇ ਰਹੀ ਸੀ। ਗੁਆਂਢਣ ਦਾ ਨਸੀਅਤ ਦੇਣਾ ਮੁਨਾਸਿਬ ਸੀ ਕਿਉਂਕਿ ਅਸੀਂ ਨਵੇਂ ਨਵੇਂ ਬਦਲੀ ਹੋ ਕੇ ਨਾਗਪੁਰ ਆਏ ਸਾਂ। ਹਰ ਚੀਜ਼ ਨਵੀਂ ਲਗਦੀ ਸੀ। ਨਵੇਂ ਲੋਕ, ਜਗਾਹ ਨਵੀਂ, ਲੋਕਾਂ ਦਾ ਪਹਿਰਾਵਾ ਨਵਾਂ, ਖਾਣਾ ਪੀਣਾ ਨਵਾਂ, ਬੋਲੀ ਨਵੀਂ ਆਦਿ।

ਮੇਰਾ ਅਹੁਦਾ ਉੱਚਾ ਹੋਣ ਕਰਕੇ ਮੈਨੂੰ ਇਸ ਜਗਾਹ ਤੇ ਖ਼ਾਸ ਮੁਸ਼ਕਲਾਂ ਮਹਿਸੂਸ ਨਹੀਂ ਹੋ ਰਹੀਆਂ ਸਨ ਪਰ ਨਵੇਂ ਘਰ ਨੂੰ ਸ਼ੁਰੂ ਤੋਂ ਦੁਬਾਰਾ ਸੈੱਟ ਕਰਨਾ ਜ਼ਰੂਰ ਦਿੱਕਤ ਦਾ ਕੰਮ ਸੀ। ਹਾਲੇ ਸਾਰਾ ਸਾਮਾਨ ਵੀ ਪੈਕ ਹੀ ਕੀਤਾ ਪਿਆ ਸੀ ਅਤੇ ਸਭ ਚੀਜ਼ਾਂ ਖਲਾਰੀਆਂ ਪਈਆਂ ਸਨ।

ਨਵੇਂ ਸਟੇਸ਼ਨ ਤੇ ਕੁਆਟਰ ਦੇ ਅਲਾਟਮੈਂਟ ਦਾ ਵੀ ਵਾਰੀ ਸਿਰ ਨੰਬਰ ਆਉਂਦਾ ਹੈ। ਕੁਆਟਰ ਵੀ ਖਾਲੀ ਨਹੀਂ ਸਨ। ਸੋ ਸਾਨੂੰ ਸਿਰ ਢੱਕਣ ਲਈ ਇਕ ਹੋਸਟਲ ਵਿੱਚ ਦੋ ਕਮਰਿਆਂ ਦਾ ਕੁਆਟਰ ਅਲਾਟ ਕਰ ਦਿੱਤਾ ਗਿਆ। ਹਰ ਨਵੇਂ ਅਫ਼ਸਰ ਨੂੰ ਸਭ ਤੋਂ ਪਹਿਲਾਂ ਇੱਥੇ ਹੀ ਠਹਿਰਾਇਆ ਜਾਂਦਾ ਸੀ, ਇਸ ਕਰਕੇ ਸਭ ਇਸਨੂੰ ਹੋਸਟਲ ਘੱਟ ਅਤੇ ਸਰਾਂ ਜਾਇਦਾ ਸਮਝਦੇ ਸਨ। ਸਹੀ ਕੁਆਟਰ ਦੇਰੀ ਨਾਲ ਅਲਾਟ ਹੁੰਦਾ ਦੇਖਕੇ ਅਸੀਂ ਹੌਲੀ ਹੌਲੀ ਆਪਣਾ ਸਾਮਾਨ ਹੋਸਟਲ ਵਾਲੇ ਕਮਰਿਆਂ ਵਿੱਚ ਹੀ ਖੋਲ੍ਹਣਾ ਸ਼ੁਰੂ ਕਰ ਦਿੱਤਾ ਅਤੇ ਚੀਜ਼ਾਂ ਚਿਣ ਚਿਣ ਕੇ ਰੱਖਣੀਆਂ ਸ਼ੁਰੂ ਕਰ ਦਿੱਤੀਆਂ।

ਨਵੇਂ ਹੋਣ ਕਰਕੇ ਹਰ ਕੋਈ ਸਾਡੇ ਨਾਲ ਮੁਲਾਕਾਤ ਕਰਨਾ ਚਾਹੁੰਦਾ ਸੀ। ਸਾਮਾਨ ਖੋਲ੍ਹਦੇ ਸਮੇਂ ਗੁਆਂਢੀ ਆਪਣੀ ਸਹਾਨਭੂਤੀ ਦਿਖਾਣ ਆਉਂਦੇ। ਹਰ ਇਕ ਦਾ ਆਪਣਾ ਆਪਣਾ ਮਕਸਦ ਹੁੰਦਾ। ਕਈ ਤਾਂ ਚਾਹ ਪਾਣੀ ਜਾਂ ਖਾਣੇ ਤੇ ਨਿਉਂਦਾ ਦੇਣ ਲਈ ਕਾਹਲੇ ਪੈਂਦੇ ਅਤੇ ਕਈ ਸਾਡਾ ਸਾਮਾਨ ਦੇਖਣਾ ਚਾਹੁੰਦੇ। ਅਸੀਂ ਸਾਰਾ ਸਾਮਾਨ ਪੂਰਾ ਇਕ ਵਾਰ ਖੋਲ੍ਹ ਕੇ ਦੇਖਣ ਲਈ ਉਤਾਵਲੇ ਸਾਂ ਤਾਂ ਕਿ ਅੰਦਾਜਾ ਹੋ ਸਕੇ ਕਿ ਸਫ਼ਰ ਦੌਰਾਨ ਕਿੰਨੀਆਂ ਚੀਜਾਂ ਦੀ ਟੁੱਟ ਭੱਜ ਹੋਈ ਸੀ। ਕਈ ਵਾਰ ਤਾਂ ਪੈਕਿੰਗ ਖੋਲ੍ਹਦੇ ਖੋਲ੍ਹਦੇ ਸਾਡੇ ਸਰੀਰ ਮੁੜਕਾ ਮੁੜਕਾ ਹੋ ਜਾਂਦੇ ਅਤੇ ਚੀਜਾਂ ਕੱਢਦੇ ਅਤੇ ਸਾਫ਼ ਕਰਦੇ ਕਰਦੇ ਖਾਣੇ ਦਾ ਸਮਾਂ ਹੀ ਨਿਕਲ ਜਾਂਦਾ। ਕੁਝ ਲੋਕ ਸਾਮਾਨ ਖੋਲ੍ਹਣ ਸਮੇਂ ਸਿਰ ਤੇ ਖੜ੍ਹੇ ਗੱਪਾਂ ਮਾਰੀ ਜਾਂਦੇ ਪਰ ਕੋਈ ਹੱਥ ਵੰਡਾਣ ਦੀ ਪੇਸ਼ਕਸ਼ ਨਾ ਕਰਦਾ।

ਸਮਾਂ ਪਾ ਕੇ ਘਰ ਦਾ ਸਾਰਾ ਸਾਮਾਨ ਆਪਣੀ ਆਪਣੀ ਜਗਾਹ ਤੇ ਸੈੱਟ ਹੋ ਗਿਆ। ਸਾਡੇ ਘਰ ਇਕ ਛੋਟੀ ਜਿਹੀ ਬੱਚੀ ਸੀ ਜੋ ਹਾਲੇ ਜਮੀਨ ਤੇ ਰਿੜ੍ਹ ਰਿੜ੍ਹ ਕੇ ਚਲਦੀ ਸੀ। ਸਾਡੀ ਰਿਹਾਇਸ਼ ਪਹਿਲੀ ਛੱਤ ਤੇ ਸੀ। ਬੱਚੀ ਰਿੜ੍ਹਦੀ ਰਿੜ੍ਹਦੀ ਕਦੇ ਕਿਸੇ ਦੇ ਘਰ ਵੜ ਜਾਂਦੀ ਅਤੇ ਕਦੇ ਕਿਸੇ ਦੇ ਘਰ। ਕੁਲ ਮਿਲਾ ਕੇ 5-6 ਪਰਵਾਰ ਹੋਸਟਲ ਵਿੱਚ ਰਹਿੰਦੇ ਸਨ। ਮੈਂ ਕਈ ਵਾਰ ਬਚੀ ਨੂੰ ਦੂਸਰੇ ਘਰਾਂ ਤੋਂ ਕੱਢ ਕੇ ਆਪਣੇ ਘਰ ਲਿਆਉਂਦਾ। ਸਾਨੂੰ ਸਭ ਤੋਂ ਵੱਡਾ ਡਰ ਇਹੀ ਬਣਿਆਂ ਰਹਿੰਦਾ ਸੀ ਕਿ ਕਿਤੇ ਕੁੜੀ ਰੁੜ੍ਹਦੀ ਰੁੜ੍ਹਦੀ ਪੌੜੀਆਂ ਰਾਹੀਂ ਥੱਲੇ ਨਾ ਡਿਗ ਪਏ। ਉਹ ਤੋਤਲੀ ਜ਼ੁਬਾਨ ਨਾਲ ਦੋ ਅੰਕਲ ਦਾ ਨਾਂ ਵੀ ਬੋਲ ਲੈਂਦੀ ਸੀ। ਦੋਵੇਂ ਹੀ ਉਸ ਨਾਲ ਬਹੁਤ ਪਿਆਰ ਕਰਦੇ ਸਨ।

ਫੈਕਟਰੀ ਦੇ ਕੁਆਟਰ ਹੋਸਟਲ ਤੋਂ ਦੂਰ ਸਨ ਪਰ ਹੋਸਟਲ ਦੇ ਆਸ ਪਾਸ ਦਾ ਦ੍ਰਿਸ਼ ਬੜਾ ਸੁੰਦਰ ਸੀ।

ਗੁਆਂਢਣ, ਸ਼ੁਭਚਿੰਤਕ ਅਤੇ ਲੋਕਾਂ ਦੀਆਂ ਨਸੀਅਤਾਂ ਤੋਂ ਡਰਦੇ ਮਾਰਿਆਂ ਅਸੀਂ ਕਈ ਦਿਨ ਘਰ ਦੀ ਸਫ਼ਾਈ ਅਤੇ ਭਾਂਡੇ ਮਾਂਜਣ ਦਾ ਕੰਮ ਆਪੇ ਹੀ ਕੀਤਾ ਪਰ ਸਾਰੇ ਘਰ ਦਾ ਕੰਮ ਇੱਕਲੀ ਘਰ ਵਾਲੀ ਦੇ ਸਿਰ ਤੇ ਹੋਣ ਕਰਕੇ ਮੁਸ਼ਕਲ ਆ ਰਹੀ ਸੀ। ਵੈਸੇ ਇਕ ਦੋ ਸਫ਼ਾਈ ਕਰਨ ਵਾਲੀਆਂ (ਜਿਨ੍ਹਾਂ ਨੂੰ ਬਾਈਆਂ ਕਹਿੰਦੇ ਸਨ) ਕੰਮ ਕਾਜ ਲਈ ਪੁੱਛ ਗਈਆਂ ਸਨ ਪਰ ਅਸੀਂ ਆਪ ਹੀ ਮਨ੍ਹਾ ਕਰ ਦਿੰਦੇ ਸਾਂ।

ਸਫ਼ਾਈ ਕਰਨ ਵਾਲੀਆਂ ਦੇ ਅਤੇ ਕਰਵਾਉਣ ਵਾਲੀਆਂ ਦੇ ਆਪਣੇ ਆਪਣੇ ਨਖਰੇ ਹੁੰਦੇ ਹਨ। ਸਭ ਤੋਂ ਵੱਡੀ ਔਕੜ ਇਹ ਹੁੰਦੀ ਹੈ ਕਿ ਨੌਕਰਾਣੀਆਂ ਨਵੇਂ ਘਰ ਫੜ੍ਹਨ ਤੋਂ ਪਹਿਲਾਂ ਆਪਣੀ ਜਾਇਦਾ ਤੋਂ ਜਾਇਦਾ ਤਨਖਾਹ ਤੈਅ ਕਰਵਾ ਲੈਣੀਆਂ ਚਾਹੁੰਦੀਆਂ ਹਨ ਪਰ ਸਫ਼ਾਈ ਕਰਵਾਉਣ ਵਾਲੀਆਂ ਘੱਟ ਤੋਂ ਘੱਟ ਪੈਸੇ ਦੇ ਕੇ ਵੱਧ ਤੋਂ ਵੱਧ ਕੰਮ ਕਢਵਾਉਣਾ ਚਾਹੁੰਦੀਆਂ ਹਨ। ਇਸੀ ਕਸ਼ਮਕਸ਼ ਵਿੱਚ ਕਈ ਵਾਰ ਘਰਾਂ ਵਿੱਚ ਚੋਰੀਆਂ ਸੁਣਨ ਨੂੰ ਆਉਂਦੀਆਂ ਹਨ ਜਾਂ ਫਿਰ ਫ਼ਜ਼ੂਲ ਲੜਾਈਆਂ। ਚੰਦ ਹੀ ਐਸੇ ਘਰ ਮਿਲਦੇ ਹਨ ਜਿੱਥੇ ਦੋਨੋਂ ਤਰਫੋਂ ਸ਼ਾਂਤੀ ਅਤੇ ਪਿਆਰ ਮੁਹਬਤ ਨਜ਼ਰ ਆਵੇ।

ਸਮੇਂ ਦੀ ਰਫਤਾਰ ਵੀ ਤੇਜ਼ ਹੋ ਗਈ ਹੈ ਜਿਸ ਨਾਲ ਸਾਡੀਆਂ ਆਦਤਾਂ ਅਤੇ ਸਹੂਲਤਾਂ ਤੇ ਵੀ ਫ਼ਰਕ ਪਿਆ ਹੈ। ਕੋਈ ਜ਼ਮਾਨਾ ਸੀ ਜਦੋਂ ਘਰ ਦਾ ਪਕਵਾਨ ਸਿਰਫ਼ ਘਰ ਵਾਲੀ ਹੀ ਬਣਾਇਆ ਕਰਦੀ ਸੀ ਅਤੇ ਰਸੋਈ ਵਿੱਚ ਦੂਸਰੇ ਦਾ ਵੜਨਾ ਬੁਰਾ ਸਮਝਿਆ ਜਾਂਦਾ ਸੀ। ਹੁਣ ਜਿੱਥੇ ਨੌਕਰਾਣੀ ਮਿਲ ਜਾਵੇ ਉਥੇ ਘਰ ਦਾ ਖਾਣਾ ਉਸ ਕੋਲੋਂ ਬਣਾਉਣਾ ਬੁਰਾ ਨਹੀਂ ਸਮਝਿਆ ਜਾਂਦਾ। ਅਮੀਰ ਤਬਕੇ ਵਿੱਚ ਜੇ ਘਰ ਵਾਲੀ ਨੇ ਖਾਣਾ ਆਪਣੇ ਹੱਥੀਂ ਬਣਾਇਆ ਹੋਵੇ ਤਾਂ ਉਸ ਔਰਤ ਨੂੰ ਪੁਰਾਣੇ ਖਿਆਲਾਂ ਵਾਲੀ ਸਮਝਿਆ ਜਾਂਦਾ ਹੈ।

'ਭੈਣੇ', ਹੁਣ ਤੁਸੀਂ ਇਕ ਨੌਕਰਾਣੀ ਰੱਖ ਲਉ। ਜਾਇਦਾ ਕੰਜੂਸੀ ਨਾ ਕਰੋ। ਨਾਲੇ ਇੱਧਰ ਸਫ਼ਾਈ ਕਰਨ ਵਾਲੀਆਂ 25–30 ਰੁਪਏ ਵਿੱਚ ਕੰਮ ਕਰਨ ਨੂੰ ਰਾਜ਼ੀ ਹੋ ਜਾਂਦੀਆਂ ਹਨ। ਛੋਟੀ ਕੁੜੀ ਹੋਣ ਕਰਕੇ ਤੁਹਾਡੀ ਤਾਂ ਸਾਰਾ ਦਿਨ ਮੱਤ ਮਾਰੀ ਰਹਿੰਦੀ ਹੋਏਗੀ'', ਗੁਆਂਢਣ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਮੇਰੀ ਘਰ ਵਾਲੀ ਨੂੰ ਸਲਾਹ ਦੇ ਰਹੀ ਸੀ।

''ਰੱਖ ਤਾਂ ਲਈਏ ਪਰ ਸਾਨੂੰ ਤਾਂ ਕੋਈ ਈਮਾਨਦਾਰ ਅਤੇ ਸਾਫ਼ ਸੁਥਰੀ ਚਾਹੀਦੀ ਏ'', ਮੇਰੀ ਘਰ ਵਾਲੀ ਜੁਆਬ ਦਿੰਦੀ ਬੋਲੀ।

''ਤੁਸੀਂ ਮੌਸੀ ਨੂੰ ਹੀ ਰੱਖ ਲਉ। ਮੇਰੇ ਤਾਂ ਸਾਰੇ ਕਪੜੇ ਲੱਤੇ ਅਤੇ ਖਾਣਾ ਉਹੀ ਬਣਾਉਂਦੀ ਹੈ। ਇੰਨਾ ਕੰਮ ਨਾ ਕਰੇ ਤਾਂ ਮੇਰੀ ਕਬੀਲਦਾਰੀ ਕਿਵੇਂ ਸੰਭਲੇ ? ਕਹੋ ਤਾਂ ਮੈਂ ਉਸਨੂੰ ਕਲ੍ਹ ਨੂੰ ਤੁਹਾਡੇ ਪਾਸ ਭੇਜ ਦਿਆਂਗੀ'', ਗੁਆਂਢਣ ਦੋ ਮਹੀਨੇ ਬਾਅਦ ਹਮਦਰਦੀ ਦਿਖਾਂਦੀ ਬੋਲੀ।

ਅਸੀਂ ਮੌਸੀ ਨੂੰ ਘਰ ਦੇ ਪੋਚੇ ਅਤੇ ਬਰਤਨਾਂ ਦੀ ਸਫ਼ਾਈ ਲਈ ਰੱਖ ਲਿਆ। ਉਹ 45 ਕੁ ਸਾਲਾਂ ਦੀ ਅੱਧਖੜ ਬੋਧੀ ਹਰੀਜਨ ਸੀ। ਉਸ ਦੀਆਂ ਤਿੰਨ

ਵੱਡੀਆਂ ਲੜਕੀਆਂ ਸਨ ਅਤੇ ਦੋ ਛੋਟੇ ਲੜਕੇ ਸਨ। ਇਕ ਲੜਕੀ ਦੀ ਸ਼ਾਦੀ ਹੋ ਚੁੱਕੀ ਸੀ। ਕਦੇ ਕਦੇ ਉਹ ਆਪਣੇ ਨਾਲ ਲੜਕੇ ਜਾਂ ਲੜਕੀ ਨੂੰ ਆਪਣੀ ਮਦਦ ਲਈ ਲੈ ਆਉਂਦੀ।

ਹੋਸਟਲ ਵਿੱਚ ਦੋ ਹੋਰ ਨੌਕਰਾਣੀਆਂ ਵੀ ਆਉਂਦੀਆਂ ਸਨ। ਹਰ ਕੋਈ ਉਨ੍ਹਾਂ ਨੂੰ ਨਾਂ ਲੈ ਕੇ ਬੁਲਾਂਦਾ ਪਰ ਮੌਸੀ ਨੂੰ ਕੋਈ ਨਾਂ ਤੋਂ ਨਾ ਬੁਲਾਂਦਾ। ਉਹ ਆਪਣੇ ਆਪ ਨੂੰ ਮੌਸੀ(ਮਾਸੀ) ਕਹਿਲਾ ਕੇ ਖੁਸ਼ ਸੀ। ਉਹ ਇਕ ਖਾਂਦੇ ਪੀਂਦੇ ਜ਼ਿਮੀਦਾਰ ਦੀ ਲੜਕੀ ਸੀ ਪਰ ਉਸਦਾ ਬਾਪ ਉਸਦੀ ਸ਼ਾਦੀ ਪਿੰਡ ਦੀ ਬਜਾਏ ਕਿਸੇ ਸ਼ਹਿਰ ਵਿੱਚ ਕਰਨਾ ਚਾਹੁੰਦਾ ਸੀ ਤਾਂ ਕਿ ਉਹ ਗੋਹੇ ਕੂੜੇ ਦੇ ਕੰਮ ਤੋਂ ਸੁਰਖਰੂ ਰਹੇ। ਉਸਦੀ ਸ਼ਾਦੀ ਤਾਂ ਨਾਗਪੁਰ ਸ਼ਹਿਰ ਹੋ ਗਈ ਪਰ ਸ਼ਾਦੀ ਤੋਂ ਕੁਝ ਦੇਰ ਬਾਅਦ ਉਸਦੇ ਘਰ ਵਾਲੇ ਨੂੰ ਪ੍ਰਾਈਵੇਟ ਨੌਕਰੀ ਤੋਂ ਕੱਢ ਦਿਤਾ ਗਿਆ। ਇਕ ਪੇਂਡੂ ਦੋਸਤ, ਜੋ ਸ਼ਰਾਬ ਕੱਢ ਕੇ ਗੁਜ਼ਾਰਾ ਕਰਦਾ ਸੀ, ਨੇ ਉਸਦੇ ਘਰ ਵਾਲੇ ਨੂੰ ਆਪਣੇ ਵਿਉਪਾਰ ਨਾਲ ਮਿਲਾ ਲਿਆ। ਵਿਉਪਾਰ ਕਰਦੇ ਕਰਦੇ ਘਰ ਵਾਲੇ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ ਪਰ ਮੌਸੀ ਉਸਨੂੰ ਇਕੱਲਾ ਸ਼ਹਿਰ ਛੱਡ ਕੇ ਆਪਣੇ ਬੱਚਿਆਂ ਸਮੇਤ ਆਪਣੇ ਪਿੰਡ ਦੇ ਘਰ ਕਦੇ ਨਾ ਗਈ। ਬੱਚਿਆਂ ਨੂੰ ਸ਼ਰਾਬ ਦੀਆਂ ਕੁਰੀਤੀਆਂ ਤੋਂ ਜਾਣੂ ਕਰਵਾਉਂਦੀ ਰਹੀ। ਇੱਕ ਸੱਜਣ ਤੋਂ ਉਸਨੇ 10 ਰੁਪਏ ਉਧਾਰੇ ਲੈ ਕੇ ਕੇਲੇ ਖਰੀਦੇ ਅਤੇ ਟੋਕਰੀ ਲਾ ਕੇ ਵੇਚੇ। ਉਹ ਦਸਾਂ ਨੌਹਾਂ ਦੀ ਕਿਰਤ ਕਰਨ ਵਿੱਚ ਯਕੀਨ ਕਰਦੀ ਸੀ। ਫਿਰ ਉਹ ਆਪਣੀ ਵਿਆਹੀ ਲੜਕੀ ਕੋਲ ਆ ਗਈ ਜਿਸਨੇ ਉਸਨੂੰ 2–3 ਅਫ਼ਸਰਾਂ ਦੇ ਘਰੀਂ ਭਾਂਡੇ ਅਤੇ ਸਫਾਈ ਕਰਨ ਲਈ ਲਗਾ ਦਿਤਾ। ਮੌਸੀ ਦੇ ਅੱਛੇ ਕੰਮ ਨੂੰ ਦੇਖ ਕੇ ਇਕ ਅਫ਼ਸਰ ਨੇ ਉਸਦੇ ਘਰ ਵਾਲੇ ਨੂੰ ਫੈਕਟਰੀ ਦੀ ਕੰਟੀਨ ਵਿੱਚ ਭਰਤੀ ਕਰਵਾ ਦਿਤਾ ਅਤੇ ਇੰਜ ਉਹ ਇੱਕਠੇ ਲਾਗੇ ਕਸਬੇ ਵਿੱਚ ਰਹਿਣ ਲਗ ਪਏ। ਕੰਟੀਨ ਵਿੱਚ ਇਕ ਵਿਧਵਾ ਔਰਤ ਸੀ ਜਿਸਨੂੰ ਸ਼ਰਾਬ ਪੀਣ ਦਾ ਬੜਾ ਲੱਚ ਸੀ। ਉਸਦਾ ਘਰ ਵਾਲਾ ਉਸੇ ਔਰਤ ਨਾਲ ਰਹਿਣ ਲੱਗ ਪਿਆ। ਲੋਕ ਲਾਜ ਦੀ ਮਾਰੀ ਮੌਸੀ ਘਰ ਵਾਲੇ ਨੂੰ ਹਾਲੇ ਵੀ ਆਪਣੇ ਘਰ ਹੀ ਖਾਣਾ ਖੁਆਂਦੀ ਸੀ ਪਰ ਘਰ ਵਾਲਾ ਆਪਣੀਆਂ ਆਦਤਾਂ ਤੋਂ ਬਾਜ ਨਾ ਆਇਆ।

ਮੇਰੀ ਘਰ ਵਾਲੀ ਪੀ. ਐਚ. ਡੀ. ਕਰ ਰਹੀ ਸੀ। ਉਹ ਛੋਟੀ ਬੱਚੀ ਨੂੰ ਨਾਲ ਲੈ ਕੇ ਆਪਣੇ ਪੇਕੇ ਚਲੀ ਗਈ ਜਿਥੇ ਉਹ ਆਪਣੀ ਅਗਲੀ ਪੜ੍ਹਾਈ ਕਰ ਰਹੀ ਸੀ। ਮੌਸੀ ਬਗੈਰ ਨਾਗਾ ਪਾਏ ਮੇਰਾ ਕੰਮ ਕਰਦੀ ਰਹੀ। ਉਹ ਸਮੇਂ ਸਿਰ ਘਰ ਦਾ ਕੰਮ ਨਿਪਟਾ ਜਾਂਦੀ। ਜਿੰਨਾ ਮਰਜ਼ੀ ਕੰਮ ਕਹੋ, ਉਹ ਕਦੇ ਨਾਂਹ ਨਾ ਕਰਦੀ।

ਇਕ ਦਿਨ ਬੋਲੀ, "ਸਾਹਿਬ ਮੇਰੀ ਛੋਟੀ ਬੱਚੀ ਦਸਵੀਂ ਜਮਾਤ ਵਿੱਚ ਪੜ੍ਹ ਰਹੀ ਹੈ। ਸਾਲਾਨਾ ਇਮਤਿਹਾਨ ਸਿਰ ਤੇ ਖੜ੍ਹਾ ਹੈ ਪਰ ਮੈਂ ਬੱਚੀ ਦੀ ਫੀਸ ਜਮ੍ਹਾਂ ਨਹੀਂ ਕਰਵਾ ਸਕੀ। ਜੇ ਹੋ ਸਕੇ ਤਾਂ ਮੈਨੂੰ 20 ਰੁਪਏ ਉਧਾਰ ਦੇ ਦਿਉ। ਮੈਂ ਤੁਹਾਡਾ ਅਹਿਸਾਨ ਕਦੇ ਨਹੀਂ ਭੁਲਾਂਗੀ। ਪੈਸੇ ਮੇਰੀ ਅਗਲੀ ਤਨਖਾਹ ਵਿਚੋਂ ਵਿਆਜ ਸਮੇਤ ਕੱਟ ਲੈਣਾ।"

"ਅਰੇ ਮੌਸੀ ਤੇਰੀ ਕੁੜੀ ਸੱਚਮੁਚ ਪੜ੍ਹ ਰਹੀ ਹੈ? ਤੂੰ ਤੇ ਪਹਿਲਾਂ ਮੈਨੂੰ ਕਦੇ ਜ਼ਿਕਰ ਨਹੀਂ ਕੀਤਾ। ਇੱਧਰ ਤਾਂ ਲੋਕਾਂ ਨੂੰ ਲੜਕੀਆਂ ਕਿਆ ਲੜਕੇ ਪੜ੍ਹਾਉਣ ਦੀ ਵੀ ਬੁੱਧ ਸੁਧ ਨਹੀਂ ਹੈ।" ਮੈਂ ਉਸ ਕੋਲੋਂ ਹੈਰਾਨ ਹੋ ਕੇ ਪੁੱਛਿਆ।

"ਹਾਂ ਸਾਹਿਬ, ਲੋਕ ਤਾਂ ਇੱਧਰ ਦੇ ਐਸੇ ਹੀ ਹਨ। ਪਰ ਮੈਂ ਦੋਵੇਂ ਵੱਡੀਆਂ ਕੁੜੀਆਂ ਨੂੰ ਮੈਟਰਿਕ ਅਤੇ ਬੀ. ਏ. ਕਰਵਾ ਦਿੱਤੀ ਹੈ। ਮੈਂ ਤਾਂ ਸਾਹਿਬ ਨਹੀਂ ਪੜ੍ਹ ਸਕੀ ਪਰ ਸੋਚਦੀ ਹਾਂ ਕਿ ਬੱਚਿਆਂ ਨੂੰ ਤਾਂ ਪੜ੍ਹਾ ਲਵਾਂ। ਅੱਗੇ ਉਨ੍ਹਾਂ ਦੀ ਕਿਸਮਤ। 7–8 ਘਰਾਂ ਦੀ ਸਫ਼ਾਈ ਕਰਕੇ ਆਪਣਾ ਘਰ ਚਲਾ ਰਹੀ ਹਾਂ। ਜਦੋਂ ਬੀਵੀ ਜੀ ਆ ਜਾਣਗੇ ਤਾਂ ਪੁਛਾਂਗੀ ਕਿ ਲੜਕੀ ਨੂੰ ਅੱਗੋਂ ਕੀ ਕੋਰਸ ਕਰਵਾਈਏ", ਉਹ ਗੰਭੀਰਤਾ ਨਾਲ ਬੋਲੀ।

"ਇਹ ਪਕੜ 20 ਰੁਪਏ ਲੜਕੀ ਦੀ ਫ਼ੀਸ ਲਈ। ਤੂੰ ਤੇ ਬੜੀ ਬਹਾਦਰ ਔਰਤ ਲਗਦੀ ਏਂ। ਬੱਚੀ ਨੂੰ ਖੂਬ ਪੜ੍ਹਾ ਅਤੇ ਉਨ੍ਹਾਂ ਚਿਰ ਪੜ੍ਹਾਉਂਦੀ ਰਹੀਂ ਜਿੰਨਾਂ ਚਿਰ ਤੇਰੀ ਬੱਚੀ ਖੁਦ ਪੜ੍ਹਨ ਤੋਂ ਮਨ੍ਹਾਂ ਨਾ ਕਰੇ। ਜੇ ਕਦੇ ਫ਼ੀਸ ਦੀ ਮੁਸ਼ਕਲ ਆਵੇ ਤਾਂ ਮੈਨੂੰ ਦੱਸਣਾ", ਮੈਂ ਪੈਸੇ ਉਸਦੇ ਹੱਥ ਵਿੱਚ ਰੱਖਦਾ ਬੋਲਿਆ।

"ਲੱਖ ਲੱਖ ਸ਼ੁਕਰ ਹੈ, ਸਾਹਿਬ, ਤੁਹਾਡਾ। ਮੈਂ ਤਾਂ ਅੱਜ ਸਵੇਰੇ ਆਪਣੇ ਪੁਰਾਣੇ ਘਰ ਵਾਲੀ ਮੇਮ ਸਾਹਿਬ ਨੂੰ ਪੈਸਿਆਂ ਲਈ ਮਿਨਤ ਕੀਤੀ ਸੀ। ਉਸਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਮੈਂ ਅੱਗੋਂ ਲਈ ਉਸਦਾ ਕੰਮ ਕਰਨ ਲਈ ਸਾਫ਼ ਨਾਂਹ ਕਰ ਆਈ ਸਾਂ। ਸਾਹਿਬ, ਮੈਂ ਤਾਂ ਉਸ ਪਾਸੋਂ 4 ਸਾਲਾਂ ਵਿੱਚ ਪਹਿਲੀ ਵਾਰ ਪੈਸੇ ਉਧਾਰੇ ਮੰਗੇ ਸਨ ਪਰ ਉਸਨੇ ਮੇਰੇ ਨਾਲ ਜਰਾ ਵੀ ਹਮਦਰਦੀ ਨਾ ਦਿਖਾਈ। ਡਰਦੀ ਡਰਦੀ ਨੇ ਮੈਂ ਹਾਰਕੇ ਤੁਹਾਡੇ ਨਾਲ ਪੈਸੇ ਦੀ ਗੱਲ ਕੀਤੀ ਸੀ", ਉਹ ਭਾਵਕ ਹੋ ਕੇ ਬੋਲੀ।

ਮੇਰੀ ਘਰਵਾਲੀ ਦੀ ਪੜ੍ਹਾਈ ਖਤਮ ਹੋ ਗਈ ਅਤੇ ਉਹ ਬੱਚੀ ਨੂੰ ਲੈ ਕੇ ਮੇਰੇ ਪਾਸ ਰਹਿਣ ਲਈ ਪਹੁੰਚ ਗਈ। ਮੌਸੀ ਨੂੰ ਮੇਰੀ ਕੁੜੀ ਨਾਲ ਬਹੁਤ ਮੋਹ ਹੋ ਗਿਆ ਸੀ। ਕੁੜੀ ਸ਼ਰਾਰਤੀ ਸੀ। ਕਈ ਵਾਰ ਚੋਰੀ ਚੋਰੀ ਮੌਸੀ ਦਾ ਖਾਣਾ ਹੀ ਖੋਲ੍ਹ ਕੇ ਖਾਣ ਲਗਦੀ। ਮੌਸੀ ਆਪਣੇ ਸਾਹਮਣੇ ਸਾਨੂੰ ਬੱਚੀ ਨੂੰ ਨਾ ਡਾਂਟਣ ਦਿੰਦੀ। ਉਸ ਨੇ ਬੱਚੀ ਨੂੰ ਬੱਚਿਆਂ ਵਾਲਾ ਮਰਾਠੀ ਗੀਤ ਵੀ ਸਿਖਾ ਦਿਤਾ।

ਜਦੋਂ ਮੌਸੀ ਨੇ ਆਪਣੀ ਲੜਕੀ ਅਤੇ ਲੜਕੇ ਦੇ ਪਾਸ ਹੋਣ ਦੀ ਖਬਰ ਸੁਣਾਈ ਤਾਂ ਮੈਂ ਉਸਨੂੰ ਬਗੈਰ ਪੁੱਛੇ 10 ਰੁਪਏ ਦਾ ਨੋਟ ਦਿਤਾ ਅਤੇ ਘਰ ਮਿਠਾਈ ਵੰਡਣ ਲਈ ਕਿਹਾ। ਉਹ ਅਸੀਸਾਂ ਦਿੰਦੀ ਆਪਣੇ ਘਰ ਚਲੀ ਗਈ।

ਗਰੀਬ ਪਰ ਸੁਭਾਅ ਮਿੱਠਾ ਹੋਣ ਕਰਕੇ ਸਾਰੇ ਉਸ ਨਾਲ ਪਿਆਰ ਕਰਦੇ। ਜਨਾਨੀਆਂ ਆਪਣੀਆਂ ਪੁਰਾਣੀਆਂ ਸਾੜ੍ਹੀਆਂ ਅਤੇ ਕੱਪੜੇ ਉਸਨੂੰ ਦਿੰਦੀਆਂ ਰਹਿੰਦੀਆਂ। ਇਕ ਘਰ ਵਿੱਚ ਬੱਚੇ ਛੋਟੇ ਸਨ ਅਤੇ ਮੌਸੀ ਬੱਚਿਆਂ ਦੀ ਸੰਭਾਲ ਲਈ ਕਈ ਵਾਰ ਆਪਣੀ ਮੁਟਿਆਰ ਲੜਕੀ ਨੂੰ ਉਨ੍ਹਾਂ ਦੇ ਘਰ ਹੀ ਰਾਤ ਨੂੰ ਸੌਣ ਲਈ ਕਹਿ ਛੱਡਦੀ। ਜਿਸ ਘਰੋਂ ਮੌਸੀ ਨੂੰ ਲੜਕੀ ਦੀ ਫ਼ੀਸ ਲਈ ਪੈਸੇ ਨਹੀਂ ਮਿਲੇ ਸਨ ਉਸ ਘਰ ਦਾ ਕੰਮ ਸਮੇਂ ਸਿਰ ਨਾ ਹੋਣ ਕਰਕੇ ਉਨ੍ਹਾਂ ਨੂੰ ਕਾਫ਼ੀ ਤਕਲੀਫ਼ ਉਠਾਣੀ ਪੈ ਰਹੀ ਸੀ। ਇਕ ਦਿਨ ਉਸ ਘਰ ਵਾਲਾ ਮੌਸੀ ਨੂੰ ਦੁਬਾਰਾ ਮਿਲਿਆ ਅਤੇ ਉਸਨੂੰ ਪੁੱਛਣ ਲੱਗਾ ਕਿ ਉਸਨੇ ਘਰ ਆਉਣਾ ਜਾਣਾ ਕਿਉਂ ਬੰਦ ਕਰ ਦਿੱਤਾ ਸੀ। ਇਸ ਮੁਲਾਕਾਤ ਤੋਂ ਅਗਲੇ ਦਿਨ ਉਸਨੇ ਉਸ ਅਫ਼ਸਰ ਦੇ ਘਰ ਦੁਬਾਰਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪੁੱਛਣ ਤੇ ਬੋਲੀ "ਸਾਹਿਬ, ਜੇ ਇੰਨਾ ਵੱਡਾ ਸਾਹਿਬ ਮੈਨੂੰ ਗਰੀਬ ਨੂੰ ਮੌਸੀ ਕਹਿ ਕੇ ਬੁਲਾਏ ਅਤੇ ਕੰਮ ਤੇ ਦੁਬਾਰਾ ਆਉਣ ਲਈ ਕਹੇ ਤਾਂ ਮੌਸੀ ਕਿਵੇਂ ਨਾਂਹ ਕਰ ਸਕਦੀ ਸੀ।"

ਕੁਝ ਸਮੇਂ ਬਾਅਦ ਮੈਨੂੰ ਨਵਾਂ ਕੁਆਟਰ ਮਿਲ ਗਿਆ ਜੋ ਹੋਸਟਲ ਤੋਂ ਅੱਧਾ ਕਿਲੋਮੀਟਰ ਦੂਰੀ ਤੇ ਸੀ। ਸਾਨੂੰ ਘਰ ਦਾ ਸਾਰਾ ਸਾਮਾਨ ਇਕ ਵਾਰ ਫਿਰ ਬੰਨ੍ਹ ਕੇ ਦੂਸਰੀ ਜਗ੍ਹਾ ਤੇ ਸੈੱਟ ਕਰਨਾ ਪਿਆ। ਮੈਨੂੰ ਉਮੀਦ ਸੀ ਕਿ ਹੁਣ ਮੌਸੀ ਸਾਡਾ ਕੁਆਟਰ ਆਪਣੇ ਹੱਥ ਨਹੀਂ ਲਏਗੀ। ਫ਼ਾਸਲਾ ਦੂਰ ਹੋਣ ਕਰਕੇ ਉਸਨੇ ਆਪ ਤਾਂ ਮਨ੍ਹਾ ਕਰ ਦਿੱਤਾ ਪਰ ਦੂਸਰੀ ਜਾਣਕਾਰ ਬਾਈ ਨੂੰ ਸਾਡੇ ਘਰ ਦਾ ਕੰਮ ਕਾਜ ਸੰਭਾਲਣ ਲਈ ਕਿਹਾ। ਦੂਸਰੀ ਬਾਈ ਕੰਮ ਠੀਕ ਨਹੀਂ

ਕਰਦੀ ਸੀ ਅਤੇ ਅਸੀਂ ਉਸਨੂੰ ਕੰਮ ਤੋਂ ਜੁਆਬ ਦੇ ਦਿੱਤਾ ਅਤੇ 1–2 ਮਹੀਨੇ ਕਿਸੇ ਕੋਲੋਂ ਵੀ ਕੰਮ ਨਾ ਕਰਵਾਇਆ।

ਸਾਡੀ ਬੱਚੀ ਸਕੂਲ ਜਾਣ ਦੀ ਉਮਰ ਦੀ ਹੋ ਗਈ ਸੀ। ਉਸਨੂੰ ਸਕੂਲ ਛੱਡਣ ਜਾਣਾ ਅਤੇ ਵਾਪਸ ਲਿਆਉਣ ਦੀ ਨਵੀਂ ਸਮੱਸਿਆ ਆ ਗਈ। ਜਦੋਂ ਮੈਂ ਮੌਸੀ ਨੂੰ ਮਿਲਿਆ ਅਤੇ ਆਪਣੀ ਮੁਸ਼ਕਲ ਦੱਸੀ ਤਾਂ ਉਸਨੇ ਫਿਰ ਘਰ ਦਾ ਕੰਮ ਕਾਜ ਆਪਣੇ ਜ਼ੁੰਮੇ ਲੈ ਲਿਆ ਅਤੇ ਬੱਚੀ ਨੂੰ ਸਕੂਲੋਂ ਆਪ ਲੈਣ ਚਲੇ ਜਾਂਦੀ।

ਇਕ ਵਾਰ ਮੈਂ ਸਾਰੇ ਮਹੀਨੇ ਦੀ ਤਨਖਾਹ ਲਿਆ ਕੇ ਆਪਣੀ ਅਲਮਾਰੀ ਵਿੱਚ ਰੱਖੀ। 50 ਰੁਪਏ ਦੇ 40 ਨੋਟ ਸਨ। ਮੇਰੀ ਬੱਚੀ ਪੈਸਿਆਂ ਨੂੰ ਰੱਖਦੇ ਸਮੇਂ ਦੇਖਦੀ ਰਹੀ। ਜਦੋਂ ਮੈਂ ਅੱਖੋਂ ਉਹਲੇ ਹੋਇਆ ਤਾਂ ਉਸਨੇ ਸਾਰੇ ਨੋਟ ਉਠਾ ਲਏ। ਉਸਨੂੰ ਤਾਸ਼ ਖੇਡਣ ਦਾ ਬੜਾ ਸ਼ੌਕ ਸੀ। ਉਸਨੇ ਉਹ ਸਾਰੇ ਨੋਟ ਤਾਸ਼ ਦੇ ਪੱਤੇ ਸਮਝੇ ਅਤੇ ਸਾਰਾ ਫਰਸ਼ ਨੋਟਾਂ ਨਾਲ ਭਰ ਲਿਆ। ਜਦੋਂ ਮੌਸੀ ਨੇ ਉਸਦੇ ਹੱਥੀਂ ਪੈਸੇ ਦੇਖੇ ਤਾਂ ਉਹ ਝੱਟ ਮੇਰੀ ਘਰ ਵਾਲੀ ਨੂੰ ਰਸੋਈ ਵਿੱਚ ਖ਼ਬਰ ਦੇਣ ਆਈ। ਇੰਜ ਸਾਰੇ ਦੇ ਸਾਰੇ ਨੋਟ ਮੌਸੀ ਨੇ ਕੁੜੀ ਹੱਥੋਂ ਇੱਕਠੇ ਕੀਤੇ ਅਤੇ ਸੰਭਾਲ ਕੇ ਰੱਖਣ ਲਈ ਕਿਹਾ।

ਮੌਸੀ ਨੂੰ ਸਾਡੇ ਕੁਆਟਰ ਤੱਕ ਆਉਣ ਲਈ ਕਾਫੀ ਦਿੱਕਤ ਉਠਾਣੀ ਪੈਂਦੀ ਪਰ ਉਹ ਬਗੈਰ ਨਾਗਾ ਪਾਏ ਘਰ ਆਉਂਦੀ ਰਹੀ। ਹੁਣ ਅਸੀਂ ਘਰ ਦੀ ਚਾਬੀ ਵੀ ਉਸਦੇ ਹਵਾਲੇ ਕਰ ਛੱਡੀ ਸੀ ਤਾਂ ਕਿ ਜਦੋਂ ਵੀ ਉਸਦਾ ਮਨ ਕਰੇ ਉਹ ਘਰ ਦੀ ਸਫ਼ਾਈ ਕਰ ਛੱਡੇ। ਬਰਸਾਤਾਂ ਵਿੱਚ ਉਹ ਇਕ ਵਾਰ ਬੋਰੀ ਸਿਰ ਤੇ ਰੱਖ ਕੇ ਕੁੜੀ ਨੂੰ ਸਕੂਲੋਂ ਲੈਣ ਚਲੀ ਗਈ ਪਰ ਕੁੜੀ ਨੇ ਸਕੂਲੋਂ ਉਸ ਨਾਲ ਆਉਣ ਤੋਂ ਮਨ੍ਹਾ ਕਰ ਦਿਤਾ ਅਤੇ ਸਭ ਬੱਚਿਆਂ ਸਾਹਮਣੇ ਡਾਂਟਦੀ ਬੋਲੀ, "ਤੈਨੂੰ ਕਿਤਨੀ ਵਾਰ ਕਿਹਾ ਹੈ ਕਿ ਤੂੰ ਸਾੜ੍ਹੀ ਪਹਿਨਿਆਂ ਕਰ। ਕਿਉਂ ਬੋਰੀ ਸਿਰ ਤੇ ਲੈ ਕੇ ਆਈ ਏਂ ? ਤੂੰ ਮੇਰੇ ਵਾਂਗ ਰੇਨ ਕੋਟ ਕਿਉਂ ਨਹੀਂ ਪਹਿਨਦੀ ?" ਮੌਸੀ ਸਭ ਬੱਚਿਆਂ ਸਾਹਮਣੇ ਉਸਦੀ ਝਾੜ ਸੁਣਦੀ ਰਹੀ।

ਤਿੰਨ ਸਾਲ ਗੁਜ਼ਰ ਗਏ ਸਨ। ਅਚਾਨਕ ਮੇਰੇ ਇਕ ਮਹਾਰਾਸ਼ਟਰੀਨ ਦੋਸਤ ਦੀ ਮੌਤ ਹੋਣ ਕਰਕੇ ਮੇਰਾ ਮਨ ਉਦਾਸ ਹੋਣਾ ਸ਼ੁਰੂ ਹੋ ਗਿਆ ਅਤੇ ਮੈਂ ਆਪਣੇ ਹੈੱਡ ਕੁਆਟਰਜ਼ ਨੂੰ ਦੂਸਰੀ ਜਗ੍ਹਾ ਬਦਲੀ ਕਰਨ ਲਈ ਲਿਖਿਆ। ਮੇਰੀ ਬਦਲੀ ਦਾ ਆਰਡਰ ਆ ਗਿਆ ਅਤੇ ਅਸੀਂ ਦੁਬਾਰਾ ਸਾਮਾਨ ਪੈਕ ਕਰਨ ਵਿੱਚ ਮਸਤ ਹੋ ਗਏ। ਮੌਸੀ ਹੁਣ ਸਾਡੇ ਘਰ ਕਦੇ ਕਦੇ ਆਉਂਦੀ ਅਤੇ ਭਾਰੇ ਭਾਰੇ ਮਨ ਨਾਲ ਸਾਡਾ ਕੰਮ ਕਰਦੀ।

ਸਾਨੂੰ ਦੋਸਤ ਦੀ ਜੀਪ ਰੇਲਵੇ ਸਟੇਸ਼ਨ ਤੱਕ ਛੱਡਣ ਆ ਗਈ ਸੀ। ਗੁਆਂਢੀ ਅਤੇ ਦੋਸਤ ਮਿਤਰ ਸਾਨੂੰ ਅਲਵਿਦਾ ਕਹਿਣ ਲਈ ਤਿਆਰ ਸਨ। ਮੌਸੀ ਆਪਣੀ ਬੱਚੀ ਨਾਲ ਘਰ ਆਈ ਹੋਈ ਸੀ। ਉਸਦੀ ਕੁੜੀ ਨੇ ਸਵੇਰੇ ਹੀ ਕਈ ਖਿਡਾਉਣੇ ਮੇਰੀ ਬੱਚੀ ਲਈ ਖਰੀਦ ਕੇ ਲਿਆਂਦੇ ਸਨ। ਮੌਸੀ ਇਕ ਸੁੰਦਰ ਸਟੀਲ ਦਾ ਟਿਫਨ ਮੇਰੀ ਕੁੜੀ ਨੂੰ ਭੇਟਾ ਕਰਨਾ ਚਾਹੁੰਦੀ ਸੀ। ਕਈ ਗੁਆਂਢਣਾ ਉਸਨੂੰ ਆਪਣੇ ਘਰੀਂ ਕੰਮ ਕਰਨ ਲਈ ਮਨਾ ਰਹੀਆਂ ਸਨ ਪਰ ਉਹ ਕਿਸੇ ਲਈ ਹਾਮੀ ਨਹੀਂ ਭਰ ਰਹੀ ਸੀ।

ਜੀਪ ਚਲਣ ਵੇਲੇ ਹਰ ਕੋਈ ਸ਼ੁਭ ਇਛਾਵਾਂ ਦੇ ਰਿਹਾ ਸੀ ਪਰ ਮੌਸੀ ਬੁਤ ਬਣਕੇ ਖੜ੍ਹੀ ਸੀ। ਚਲਣ ਵੇਲੇ ਮੈਂ 10 ਰੁਪਏ ਦਾ ਨੋਟ ਮੌਸੀ ਨੂੰ ਦਿੱਤਾ ਪਰ ਉਸਨੇ ਲੈਣ ਤੋਂ ਮਨ੍ਹਾ ਕਰ ਦਿਤਾ। ਮੇਰੀ ਬੱਚੀ ਨੂੰ ਕੁਝ ਪਤਾ ਨਹੀ ਸੀ ਕਿ ਸਾਡੀ ਇਥੋਂ ਬਦਲੀ ਵੀ ਹੋ ਗਈ ਸੀ। ਉਹ ਮੌਸੀ ਦੇ ਗਲੇ ਨਾਲ ਇੰਜ ਚਿਪਟੀ ਹੋਈ ਸੀ ਜਿਵੇਂ ਲੋਹੇ ਨਾਲ ਚੁੰਬਕ। ਜਿਉਂ ਹੀ ਅਸੀਂ ਬੱਚੀ ਨੂੰ ਆਪਣੀ ਗੋਦੀ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਉਸਨੇ ਜ਼ੋਰ ਨਾਲ ਰੋਣਾ ਪਿਟਣਾ ਸ਼ੁਰੂ ਕਰ ਦਿੱਤਾ ਅਤੇ ਸਾਡਾ ਵਿਛੜਨਾ ਹੋਰ ਵੀ ਔਖਾ ਕਰ ਦਿੱਤਾ। ਅਸੀਂ ਉਥੋਂ ਚਲ ਤਾਂ ਪਏ ਪਰ ਬੱਚੀ ਸਾਰਾ ਸਫ਼ਰ ਮੌਸੀ ਮੌਸੀ ਪੁਕਾਰਦੀ ਰਹੀ।

ਅਜ ਵੀ ਜਦ ਕਦੇ ਘਰ ਦੀ ਨੌਕਰਾਣੀ ਨੂੰ ਬੁਲਾਂਦੇ ਹਾਂ ਤਾਂ ਕਈ ਵਾਰ ਸਹਿਜ ਸੁਭਾਅ ਮੂੰਹੋਂ, "ਮੌਸੀ" ਨਿਕਲ ਜਾਂਦਾ ਹੈ। ●

---

(ਪੰਨਾ 36 ਦੀ ਬਾਕੀ)

ਅਠਾਈਵੇਂ ਦਿਨ ਕੰਮਪੋਸਟ ਖਾਦ ਨੂੰ 7.5×5.0×15.0 ਸੈਂਟੀਮੀਟਰ ਦੇ ਆਕਾਰ ਵਾਲੀਆਂ ਲਕੜੀ ਦੀਆਂ ਪੇਟੀਆਂ ਵਿੱਚ 12.5 ਸੈਂਟੀਮੀਟਰ ਦਬਾਕੇ ਭਰ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਤਿਆਰ ਕੀਤੀ ਖਾਦ 20–25 ਪੇਟੀਆਂ ਲਈ ਕਾਫ਼ੀ ਹੋਵੇਗੀ। ਇਸ ਤੋਂ ਘਟ ਮਿਕਦਾਰ ਵਿੱਚ ਖਾਦ ਤਿਆਰ ਨਹੀਂ ਕਰਨੀ ਚਾਹੀਦੀ ਹੈ ਕਿਉਂ ਜੋ ਖੁੰਬਾਂ ਦੀ ਚੰਗੀ ਪੈਦਾਵਾਰ ਨਹੀਂ ਹੋਵੇਗੀ ਅਤੇ ਖੁੰਬਾਂ ਦੀ ਫ਼ਸਲ ਨੂੰ ਬੀਮਾਰੀਆਂ ਲਗਣ ਦਾ ਡਰ ਰਹੇਗਾ।

ਖੁੰਬਾਂ ਦੇ ਬੀ ਬੋਤਲਾਂ 'ਚ ਬੰਦ ਮਿਲਦੇ ਹਨ। ਇੱਕ ਬੋਤਲ ਬੀਆਂ ਦਾ ਮੁਲ 5–7 ਰੁਪਏ ਹੁੰਦਾ ਹੈ।

ਬੋਤਲਾਂ 'ਚੋਂ ਇਹਨਾਂ ਬੀਆਂ ਨੂੰ ਕੱਢ ਕੇ ਕੰਮਪੋਸਟ ਖਾਦ ਨਾਲ ਭਰੀਆਂ ਪੇਟੀਆਂ 'ਚ ਕੰਮਪੋਸਟ ਉੱਤੇ ਖਿੰਡਾ ਦਿੱਤਾ ਜਾਂਦਾ ਹੈ ਅਤੇ ਬੀਆਂ ਨੂੰ ਉਂਗਲੀਆਂ ਦੇ ਸਹਾਰੇ ਕੰਮਪੋਸਟ ਵਿੱਚ ਮਿਲਾ ਦਿੱਤਾ ਜਾਂਦਾ ਹੈ। ਕੰਮਪੋਸਟ ਦੇ ਤਲ ਨੂੰ ਇਕੋ ਜਿਹਾ ਦਬਾ ਕੇ ਅਤੇ ਸਮਤਲ ਕਰਕੇ ਅਖਬਾਰੀ ਕਾਗਜ਼ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਕਾਗਜ਼ ਨੂੰ ਦਿਨ ਵਿੱਚ ਦੋ ਤਿੰਨ ਵਾਰ ਸਪਰੇ ਪੰਪ ਨਾਲ ਸਪਰੇ ਕਰਕੇ ਗਿਲਾ ਰਖਿਆ ਜਾਂਦਾ ਹੈ। ਇਸ ਸਮੇਂ ਕੰਮਪੋਸਟ ਦਾ ਤਾਪਮਾਨ 23 ਤੋਂ 25 ਦਰਜੇ ਸੈਂਟੀਗਰੇਡ ਰਖਿਆ ਜਾਂਦਾ ਹੈ। ਦੋ ਤਿੰਨ ਹਫਤਿਆਂ ਵਿੱਚ ਕੰਮਪੋਸਟ ਦੇ ਉੱਤੇ ਫਫੂੰਦੀ ਫੈਲ ਜਾਂਦੀ ਹੈ ਅਤੇ ਕੰਮਪੋਸਟ ਦੀ ਸਤਹ ਸਫੈਦ ਹੋ ਜਾਂਦੀ ਹੈ।

ਕੰਮਪੋਸਟ ਵਿੱਚ ਫਫੂੰਦੀ ਦੇ ਚੰਗੀ ਤਰ੍ਹਾਂ ਫੈਲਣ ਦੇ ਬਾਅਦ ਕੰਮਪੋਸਟ ਦੀ ਸਤਹ ਤੇ ਇੱਕ ਹਿੱਸਾ ਖੇਤਾਂ ਦੀ ਮਿੱਟੀ ਅਤੇ ਇੱਕ ਹਿੱਸਾ ਰੇਤ ਦੇ ਮਿਸ਼ਰਣ ਜਾਂ ਇੱਕ ਵਰ੍ਹੇ ਤੋਂ ਉਪਰ ਗੋਹੇ ਦੀ ਸੜੀ ਹੋਈ ਖਾਦ ਦੀ 2.5 ਸੈਂਟੀਮੀਟਰ ਮੋਟੀ ਤਹਿ ਵਿਛਾ ਦਿੰਦੇ ਹਨ। ਤਹਿ ਵਿਛਾਉਣ ਤੋਂ ਪਹਿਲਾਂ ਮਿਸ਼ਰਣ ਨੂੰ ਕੀਟਾਣੂ-ਨਾਸ਼ਕਾਂ ਨਾਲ ਕੀਟਾਣੂ ਰਹਿਤ ਬਣਾਉਣ ਲਈ ਭਾਫ ਜਾਂ ਫਾਰਮੇਲੀਨ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਖੁੰਬਾਂ ਨੂੰ ਉਹਨਾਂ ਦੀ ਟੋਪੀ ਖੁਲਣ ਤੋਂ ਪਹਿਲਾਂ ਹੀ ਮਰੋੜ ਕੇ ਬਾਹਰ ਕੱਢ ਲੈਣਾ ਚਾਹੀਦਾ ਹੈ ਕਿਉਂ ਜੋ ਖੁੰਬਾਂ ਖੁਲ੍ਹਣ ਤੋਂ ਮਗਰੋਂ ਛੱਤਰੀ ਦਾ ਆਕਾਰ ਧਾਰਨ ਕਰ ਲੈਂਦੀਆਂ ਹਨ ਅਤੇ ਜਿਸਨੂੰ ਲੋਕ ਪਸੰਦ ਨਹੀਂ ਕਰਦੇ। ਖੁੰਬਾਂ ਦੇ ਕੱਢਣ ਨਾਲ ਜਿਹੜੇ ਟੋਏ ਪੈ ਜਾਂਦੇ ਹਨ ਉਹਨਾਂ ਨੂੰ ਮਿਸ਼ਰਣ ਨਾਲ ਭਰ ਕੇ ਸਮਤਲ ਕਰ ਦੇਣਾ ਚਾਹੀਦਾ ਹੈ। ਆਮ ਤੌਰ ਤੇ ਖੁੰਬਾਂ ਕੱਢਣ ਵੇਲੇ ਖੁੰਬਾਂ ਦੇ ਡੰਡਲ ਟੁਟ ਜਾਂਦੇ ਹਨ ਅਤੇ ਉਹਨਾਂ ਦੇ ਆਲ ਦੁਆਲੇ ਲੱਗੀਆਂ ਖੁੰਬਾਂ ਉੱਖੜ ਜਾਂਦੀਆਂ ਹਨ। ਇਹਨਾਂ ਨੂੰ ਨਾਲੋਂ ਨਾਲ ਪੇਟੀਆਂ 'ਚ ਸਾਫ਼ ਕਰ ਦੇਣਾ ਚਾਹੀਦਾ ਹੈ, ਨਹੀਂ ਤਾਂ ਇਨ੍ਹਾਂ ਦੇ ਗਲਣ ਸੜਣ ਨਾਲ ਬੀਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ। ਖੁੰਬਾਂ ਕੱਢਣ ਵੇਲੇ ਜੇਕਰ ਪਾਣੀ ਦਾ ਹਲਕਾ ਜਿਹਾ ਸਪਰੇ ਕਰ ਦਿੱਤਾ ਜਾਵੇ ਤਾਂ ਉਹ ਖੁੰਬਾਂ ਲਈ ਗੁਣਕਾਰੀ ਹੁੰਦਾ ਹੈ।

ਇੱਕ ਪੇਟੀ ਤੋਂ ਲਗਭਗ 3 ਕਿਲੋਗ੍ਰਾਮ ਖੁੰਬਾਂ 2–3 ਮਹੀਨੇ ਦੇ ਸਮੇਂ ਵਿਚ ਨਿਕਲਦੀਆਂ ਹਨ। ਪਰ ਜੇਕਰ ਹਵਾਦਾਰ ਕਮਰਿਆਂ ਵਿੱਚ ਚੰਗੀ ਖਾਦ ਨਾਲ ਪੇਟੀਆਂ ਦੀ ਚੰਗੀ ਤਰ੍ਹਾਂ ਦੇਖ ਭਾਲ ਕੀਤੀ ਜਾਵੇ ਤਾਂ ਇੱਕ ਪੇਟੀ ਚੋਂ 4–5 ਕਿਲੋਗ੍ਰਾਮ ਖੁੰਬਾਂ ਵੀ ਨਿਕਲ ਸਕਦੀਆਂ ਹਨ। ਜਦੋਂ ਪੇਟੀਆਂ ਚੋਂ ਖੁੰਬਾਂ ਨਿਕਲਣੀਆਂ ਬੰਦ ਹੋ ਜਾਣ ਤਾਂ ਕੰਮਪੋਸਟ ਨੂੰ ਪੇਟੀਆਂ 'ਚੋਂ ਕੱਢ ਕੇ ਸਬਜ਼ੀਆਂ ਅਤੇ ਦੂਜੀਆਂ ਫ਼ਸਲਾਂ ਵਿੱਚ ਪਾਇਆ ਜਾ ਸਕਦਾ ਹੈ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਜੇਕਰ ਕਿਸੇ ਕਿਸਾਨ ਕੋਲ 90 ਕਿਲੋਗ੍ਰਾਮ ਖੁੰਬਾਂ ਨਿਕਲ ਦੀਆਂ ਹਨ ਤਾਂ ਉਸ ਨੂੰ ਪਹਿਲੀ ਫ਼ਸਲ ਤੋਂ 550 ਰੁਪਏ ਦਾ ਮੁਨਾਫ਼ਾ ਹੋਵੇਗਾ। ਇਸ ਦੇ ਬਾਅਦ ਉਸ ਨੂੰ ਹਰ ਫਸਲ ਤੇ 1,000 ਰੁਪਏ ਦਾ ਮੁਨਾਫਾ ਹੁੰਦਾ ਹੈ।